ਨਕਲੀ ਨਿਰੰਕਾਰੀ

ਇਸ ਟਰੈਕਟ ਵਿਚ ਸਿਖੀ ਦੀ ਅਸਲੀ ਨਿਰੰਕਾਰੀ ਸੰਪ੍ਰਦਾਇ
ਦਾ ਇਤਿਹਾਸ ਅੰਕਤ ਕਰਨ ਦੇ ਨਾਲ

ਨਕਲੀ ਨਿਰੰਕਾਰੀ ਭਾਈ ਅਵਤਾਰ ਸਿੰਘ

ਦਿਲੀ ਦੇ ਗੁਰੂ-ਡੰਮ, ਸ਼ਖਸੀ ਪੂਜਾ, ਦੰਭ, ਪਾਖੰਡ,
ਭ੍ਰਿਸ਼ਟਾਚਾਰ ਅਤੇ ਸਿਖੀ ਦੇ ਵਿਰੋਧੀ ਪ੍ਰਚਾਰ ਦੀ
ਅਸਲੀਅਤ ਬਿਆਨ ਕੀਤੀ ਗਈ ਹੈ ।

ਕਰਤਾ ਤੇ ਪ੍ਰਕਾਸ਼ਕ-

ਪ੍ਰਤਾਪ ਸਿੰਘ ਗਿਆਨੀ

ਸਾਬਕ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਤੇ ਐਡੀਟਰ ਗਿਆਨ ਅੰਮ੍ਰਿਤ ਅੰਮ੍ਰਿਤਸਰ

Digitized by Panjab Digital Library | www.panjabdigilib.org

ਮੁਖ ਬੰਧ

ਇਸ ਟਰੈਕਟ ਵਿਚ ਰਸਾਲਾ ਗਿਆਨ ਅੰਮ੍ਰਿਤ ਵਿਚ 'ਨਕਲੀ ਨਿਰੰਕਾਰੀ' ਦੇ ਸਿਰਲੇਖ ਹੇਠਾਂ ਸਤੰਬਰ ੧੯੬੪ ਤੋਂ ਅਪਰੈਲ ੧੯੬੫ ਤਕ ਪ੍ਰਕਾਸ਼ਤ ਹੋਏ ਅੱਠ ਲੇਖਾਂ ਦਾ ਸੋਧਿਆ ਅਤੇ ਕ੍ਰਮਵਾਰ ਕੀਤਾ ਹੋਇਆ ਸੰਗ੍ਰਹਿ ਹੈ। ਇਸ ਵਿਚ ਕੁਝ ਨਵਾਂ ਪ੍ਰਾਪਤ ਹੋਇਆ ਮੈਟਰ ਵੀ ਸ਼ਾਮਲ ਹੈ। ਇਸ ਵਿਚ ਦਸਿਆ ਗਿਆ ਹੈ ਕਿ ਸਿਖੀ ਦੀ ਅਸਲ ਨਿਰੰਕਾਰੀ ਸੰਪ੍ਰਦਾਇ ਕੀ ਹੈ ਅਤੇ ਦਿਲੀ ਵਿਚ ਨਿਰੰਕਾਰੀ ਬਜ਼ੁਰਗਾਂ ਦੀ ਸਿਖਿਆ ਦੇ ਉਲਟ ਗੁਰੂ ਡੰਮ, ਸ਼ਖਸੀ ਪੂਜਾ ਅਤੇ ਕਟੰਬ ਦੀ ਪੂਜਾ ਕਰਵਾਉਣ ਵਾਲੇ ਨਕਲੀ ਨਿਰੰਕਾਰੀ ਭਾਈ ਅਵਤਾਰ ਸਿੰਘ ਤੇ ਉਸ ਦੇ ਪੁਤ੍ਰ ਦੀ ਅਸਲੀਅਤ ਕੀ ਹੈ? ਇਹ ਸਿਖਾਂ ਵਾਂਗ ਦਾਹੜੀ ਕੇਸ ਰਖ ਕੇ, ਗੁਰਬਾਣੀ ਦੀ ਆੜ ਲੈ ਕੇ ਸਿਰਫ ਆਪਣੇ ਗੁਰੂ ਡੰਮ ਲਈ ਕਿਸ ਤਰ੍ਹਾਂ ਸਿਖੀ ਤੇ ਗੁਰਬਾਣੀ ਦੇ ਉਲਟ ਪ੍ਰਚਾਰ ਕਰਦੇ ਹਨ।

ਜਦ ਇਹ ਲੇਖ ਲੜੀ ਗਿਆਨ ਅੰਮ੍ਰਿਤ ਵਿਚ ਛਪ ਰਹੀ ਸੀ; ੧੯ ਦਸੰਬਰ ੧੯੬੪ ਨੂੰ ਨਕਲੀ ਨਿਰੰਕਾਰੀ ਦੇ ਚੇਲੇ ਹਰੀ ਰਾਮ ਤੇ ਤ੍ਰਿਲੋਚਨ ਸਿੰਘ ਨੇ ਦਰਬਾਰ ਪਰੈਸ ਵਿਚ ਆ ਕੇ ਮੁਕਦਮੇ ਦੀ ਧਮਕੀ ਦਿਤੀ ਤੇ ਕਈਆਂ ਨੇ ਗੁਪਤ ਚਿਠੀਆਂ ਲਿਖੀਆਂ।

ਭਾਈ ਅਵਤਾਰ ਸਿੰਘ ਰੱਜ ਕੇ ਸ਼ਰਾਬ ਪੀਂਦਾ ਤੇ ਲੋਹੜ ਕੇ ਮਾਸ ਖਾਂਦਾ ਹੈ। ਗੁਰਬਾਣੀ, ਮਜ਼ਹਬ, ਇਤਿਹਾਸ ਤੇ ਫਿਲਾਸਫੀ ਤੋਂ ਬਿਲਕੁਲ ਅਨਜਾਣ ਹੈ। ਸੁਨਹਿਰੀ ਮੁਕਟ, ਕੋਠੀਆਂ, ਕਾਰਾਂ, ਪੇਡ ਔਰਤਾਂ ਤੇ ਏਜੰਟਾਂ ਰਾਹੀਂ ਸਾਧਾਰਨ ਲੋਕਾਂ ਨੂੰ ਆਪਣੇ ਪਾਖੰਡ ਜਾਲ ਵਿਚ ਫਾਹੁੰਦਾ ਹੈ।

ਇਸ ਟਰੈਕਟ ਵਿਚ ਸਾਰੀਆਂ ਗਲਾਂ ਇਤਿਹਾਸਕ ਖੋਜ, ਨਕਲੀ ਨਿਰੰਕਾਰੀ ਦੇ ਰਸਾਲੇ ਦੀਆਂ ਲਿਖਤਾਂ, ਭਰੋਸੇ ਯੋਗ ਸਜਨਾਂ ਦੇ ਬਿਆਨਾਂ, ਅਕਲ ਤੇ ਦਲੀਲ ਦੇ ਆਧਾਰ ਤੇ ਲਿਖੀਆਂ ਗਈਆਂ ਹਨ। ਪਾਠਕ ਇਸ ਨੂੰ ਪੜ੍ਹ ਕੇ ਸੱਚ ਝੂਠ ਦਾ ਨਿਰਨਾ ਕਰਨ।

੧੭ ਜੂਨ ੧੯੬੭ ਸੰਗਤਾਂ ਦਾ ਸੇਵਕ—ਪ੍ਰਤਾਪ ਸਿੰਘ ਗਿਆਨੀ

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

੧.

ਨਕਲੀ ਨਿਰੰਕਾਰੀ

ਉਘਰਿ ਗਇਆ ਜੈਸਾ ਖੋਟਾ ਢਬੂਆ
ਨਦਰਿ ਸਰਾਫਾ ਆਇਆ ॥
(ਆਸਾ ਮ: ੫)

ਅਜ ਕਲ ਜਿਸ ਤਰ੍ਹਾਂ ਅਸਲੀ ਘਿਉ ਦੀ ਥਾਂ ਬਨਾਸਪਤੀ ਵਿਕਦਾ ਹੈ, ਕੇਸਰ, ਕਸਤੂਰੀ, ਮੋਤੀ ਆਦਿਕ ਨਕਲੀ ਮਿਲਦੇ ਹਨ, ਨਕਲੀ ਸੋਨਾ ਅਤੇ ਹੋਰ ਕਈ ਚੀਜ਼ਾਂ ਮਾਰਕੀਟ ਵਿਚ ਵਿਕਦੀਆਂ ਹਨ, ਇਸੇ ਤਰ੍ਹਾਂ ਸਿਖੀ ਦੀ ਇਕ ਛੋਟੀ ਜੇਹੀ ਸ਼ਾਖ ਨਿਰੰਕਾਰੀ ਦੇ ਨਾਂ ਉਤੇ ਦਿਲੀ ਵਿਚ ਇਕ ਨਕਲੀ ਨਿਰੰਕਾਰੀ ਭਾਈ ਅਵਤਾਰ ਸਿੰਘ ਨੇ ਆਪਣਾ ਅਡੰਬਰ ਸ਼ੁਰੂ ਕੀਤਾ ਹੈ, ਜੋ ਨਿਰੰਕਾਰੀ ਮੰਡਲ ਦੇ ਨਾਂ ਪਰ ਗੁਰੂ ਡੰਮ, ਸ਼ਖਸੀ ਪੂਜਾ, ਦੰਭ ਅਤੇ ਪਖੰਡ ਨੂੰ ਪ੍ਰਚਾਰਦਾ ਹੈ। ਇਹ ਕਲਜੁਗੀ ਗੁਰੂ ਆਪਣੇ ਚੇਲੇ ਚਾਟੜਿਆਂ ਤੋਂ ਆਪਣੇ ਆਪ ਨੂੰ 'ਤੂੰਹੀ ਨਿਰੰਕਾਰ' ਸ਼ਹਿਨਸ਼ਾਹ, ਅਲਾਹ ਅਤੇ ਗਾਡ ਅਖਵਾਉਂਦਾ ਤੇ ਲਿਖਵਾਉਂਦਾ ਹੈ। ਭੋਲੇ ਭਾਲੇ ਲੋਕਾਂ ਨੂੰ ਠਗਣ ਲਈ ਇਸ ਨੇ ਪੋਪ-ਲੀਲ੍ਹਾ ਰਚਾਈ ਹੋਈ ਹੈ।

ਇਸ ਅਕਲ, ਸਾਇੰਸ ਅਤੇ ਸਮਾਜਵਾਦ ਦੇ ਜੁਗ ਵਿਚ, ਜਦ

Digitized by Panjab Digital Library | www.panjabdigilib.org

ਕਿ ਬਾਦਸ਼ਾਹਾਂ, ਰਜਵਾੜਿਆਂ ਤੇ ਨਵਾਬਾਂ ਦੇ ਤਖਤੋ ਤਾਜ ਖਤਮ ਹੋ ਗਏ ਹਨ, ਇਸ ਨੇ ਆਪੇ ਹੀ ਇਕ ਸੁਨਹਿਰੀ ਮੁਕਟ ਬਣਵਾਇਆ ਹੋਇਆ ਹੈ, ਜੋ ਪਹਿਨ ਕੇ ਤਖਤ ਉਤੇ ਬੈਠਦਾ ਹੈ।

ਭਾਈ ਅਵਤਾਰ ਸਿੰਘ ਦੇ ਮੈਗਜ਼ੀਨ ਵਿਚ ਅਸੀਂ ਇਸਦੀਆਂ ਛਪੀਆਂ ਜੋ ਤਕਰੀਰਾਂ ਜਾਂ ਗੁਰਬਾਣੀ ਦੇ ਸ਼ਬਦਾਂ ਦੀ ਵਿਆਖਿਆ ਪੜ੍ਹੀ ਹੈ, ਉਸ ਤੋਂ ਸਾਬਤ ਹੋਂਦਾ ਹੈ ਕਿ ਇਹ ਸ਼ਖਸ ਮਜ਼੍ਹਬ, ਫਿਲਾ-ਸਫੀ, ਇਤਿਹਾਸ ਅਤੇ ਗੁਰਬਾਣੀ ਤੋਂ ਬਿਲਕੁਲ ਅਨਜਾਣ ਹੈ।

ਇਸ ਦੇ ਕਈ ਪਿਛਲਗ ਹਿੰਦੂ ਧਰਮ, ਈਸਾਈਅਤ, ਇਸਲਾਮ ਆਦਿਕ ਵਡੇ ਧਰਮਾਂ ਬਾਰੇ ਕੋਝੀ ਆਲੋਚਨਾ ਕਰਨ ਦੇ ਨਾਲ ਸਿਖ ਧਰਮ ਤੇ ਗੁਰਬਾਣੀ ਸੰਬੰਧੀ ਵੀ ਕਈ ਗਲਤ ਬਿਆਨੀਆਂ ਕਰਦੇ ਹਨ। ਇਹ ਗੁਰਬਾਣੀ ਪਰ ਨਿਸਚਾ ਨਹੀਂ ਰਖਦੇ ਪਰ ਸਿਖਾਂ ਨੂੰ ਟਪਲਾ ਦੇਣ ਅਤੇ ਆਪਣਾ ਗੁਰੂ ਡੰਮ ਫੈਲਾਉਣ ਲਈ ਵਰਤਦੇ ਹਨ।

ਭਾਈ ਅਵਤਾਰ ਸਿੰਘ ਬਾਰੇ ਇਹ ਵੀ ਦਸਿਆ ਗਿਆ ਹੈ ਕਿ ਇਹ ਰਜ ਕੇ ਸ਼ਰਾਬ ਪੀਂਦਾ ਅਤੇ ਲੋਹੜ ਕੇ ਮਾਸ ਖਾਂਦਾ ਹੈ। ਇਸ ਨੇ ਕੁਝ ਤਨਖਾਹਦਾਰ ਏਜੰਟ ਅਤੇ ਔਰਤਾਂ ਰਖੀਆਂ ਹੋਈਆਂ ਹਨ, ਜੋ ਭੋਲੇ ਭਾਲੇ ਲੋਕਾਂ ਨੂੰ ਮਾਇਆ-ਜਾਲ ਵਿਚ ਫਸਾਉਂਦੀਆਂ ਹਨ। ਨਿਰੰਕਾਰ ਦੀ ਆੜ ਵਿਚ ਵਾਮ ਮਾਰਗ ਪ੍ਰਚਾਰਿਆ ਜ ਦਾ ਹੈ।

ਨਿਰਾਕਾਰ ਦੀ ਪੂਜਾ ਕਰਾਉਣ ਦੀ ਥਾਂ ਇਹ ਆਪਣੀਆਂ ਤਸਵੀਰਾਂ ਦੀ ਪੂਜਾ ਕਰਾਉਂਦਾ ਹੈ ਜਿਸ ਤਰ੍ਹਾਂ ਕਈ ਸਿਨਮਿਆਂ ਦੇ ਸਾਹਮਣੇ ਨਾਚਿਆਂ ਅਤੇ ਐਕਟ੍ਰਸਾਂ ਦੀਆਂ ਤਸਵੀਰਾਂ ਲਗੀਆਂ ਹੁੰਦੀਆਂ ਹਨ, ਇਸੇ ਤਰ੍ਹਾਂ ਕੁਝ ਥਾਂਈ ਇਸ ਨੇ ਆਪਣੀਆਂ ਤਸਵੀਰਾਂ ਲਗਵਾਈਆਂ ਹੋਈਆਂ ਹਨ।

ਨਕਲੀ ਨਿਰੰਕਾਰੀ ਆਪਣੀ ਵਹੁਟੀ ਨੂੰ ਜਗਤ ਮਾਤਾ, ਪੁਤਰ ਭਾਈ ਗੁਰਬਚਨ ਸਿੰਘ ਨੂੰ ਸਤਿਗੁਰੂ ਤੇ ਨੂੰਹ ਨੂੰ ਰਾਜ ਮਾਤਾ ਦਸ ਕੇ

Digitized by Panjab Digital Library | www.panjabdigilib.org

ਕੁਟੰਬ ਪੂਜਾ ਕਰਵਾਉਂਦਾ ਹੈ।

ਅਜ ਤੋਂ ਕੁਝ ਸਾਲ ਪਹਿਲੇ ਜਿਸ ਤਰ੍ਹਾਂ ਸਿੰਧ ਵਿਚ ਇਕ ਦਾਦਾ ਲੇਖ ਰਾਜ ਨੇ ਕਾਹਨ ਬਣ ਕੇ ਗੋਪੀਆਂ ਦਾ ਡਰਾਮਾ ਕੀਤਾ ਸੀ, ਉਸੇ ਤਰ੍ਹਾਂ ਇਹ ਵੀ ਕਰ ਰਿਹਾ ਹੈ।

ਪੰਜਾਬ ਵਿਚ ਇਸ ਨੇ ਆਪਣੇ ਗੁਰੂ ਡੰਮ ਦੇ ਪ੍ਰਚਾਰ ਲਈ ਆਪਣੇ ਜਵਾਈ ਸ: ਕੁਲਵੰਤ ਸਿੰਘ ਤੇ ਆਪਣੀ ਧੀ ਨੂੰ ਚੀਫ ਏਜੰਟ ਨੀਯਤ ਕੀਤਾ ਹੈ, ਜੋ ਜਲੰਧਰ ਵਿਚ ਰਹਿੰਦੇ ਹਨ।

ਨਕਲੀ ਨਿਰੰਕਾਰੀ ਭਾਈ ਅਵਤਾਰ ਸਿੰਘ ਦਾ ਕੋਈ ਆਤ-ਮਿਕ ਗਿਆਨ ਨਹੀਂ। ਕੋਈ ਅਨੁਭਵ ਤੇ ਰੂਹਾਨੀ ਸੂਝ ਬੂਝ ਨਹੀਂ। ਕੋਈ ਵਿਦਿਆ ਜਾਂ ਕਥਨੀ ਦੀ ਯੋਗਤਾ ਨਹੀਂ। ਇਹ ਅਧਿਆਤਮ-ਵਾਦ ਅਰਥਾਤ ਨਿਰੰਕਾਰ ਦੇ ਗਿਆਨ ਤੋਂ ਉਤਨਾ ਹੀ ਦੂਰ ਹੈ, ਜਿਤਨਾ ਕਿ ਸ਼ੈਤਾਨ ਨੇਕੀ ਤੋਂ। ਇਹ ਸਿਰਫ ਸਿਖਾਂ ਵਾਲੀ ਸ਼ਕਲ ਬਣਾ ਕੇ, ਗਲ ਵਿਚ ਚਿਟੇ ਪਰਨੇ ਪਾ ਕੇ ਗੁਰਬਾਣੀ ਦੀ ਆੜ ਲੈ ਕੇ ਅਤੇ ਨਿਰੰਕਾਰ ਦਾ ਨਾਂ ਵਰਤਕੇ ਆਪਣੇ ਗੁਰੂ-ਡੰਮ ਨੂੰ ਪ੍ਰਚਾਰਦਾ ਹੈ। ਇਹ ਨਿਰੰਕਾਰੀ ਸੰਪ੍ਰਦਾਇ ਦੇ ਬਜ਼ੁਰਗਾਂ ਕੀ ਸਿਖਿਆ ਦੇ ਬਿਲਕੁਲ ਉਲਟ ਚਲ ਕੇ ਨਿਰੰਕਾਰੀ ਸ਼ਬਦ ਦੀ ਨਿਰਾਦਰੀ ਕਰ ਰਿਹਾ ਹੈ। ਲੋਕ-ਭਲਾਈ ਲਈ ਇਸ ਦੇ ਛਲ ਕਪਟ ਅਤੇ ਪਖੰਡ ਨੂੰ ਪ੍ਰਗਟ ਕਰਨਾ ਜ਼ਰੂਰੀ ਹੈ।

ਅਸੀਂ ਇਸ ਲੇਖ ਵਿਚ ਪਹਿਲੇ ਸੰਖੇਪ ਜਿਹਾ ਵਰਣਨ ਅਸਲੀ ਨਿਰੰਕਾਰੀ ਸੰਪ੍ਰਦਾਇ ਤੇ ਫਿਰ ਨਕਲੀ ਨਿਰੰਕਾਰੀ ਭਾਈ ਅਵਤਾਰ ਸਿੰਘ ਅਤੇ ਉਸ ਦੇ ਪਿਛਲਗੂਆਂ ਦਾ ਕਰਨਾ ਚਾਹੁੰਦੇ ਹਾਂ। ਉਸ ਦੇ ਰਸਾਲੇ ਵਿਚ ਛਪੀਆਂ ਗਲਤ ਲਿਖਤਾਂ ਦਾ ਨਿਰਨਾ ਕਰਨਾ ਵੀ ਜ਼ਰੂਰੀ ਸਮਝਦੇ ਹਾਂ।

Digitized by Panjab Digital Library | www.panjabdigilib.org

੨.

ਅਸਲੀ ਨਿਰੰਕਾਰੀ

'ਨਿਰੰਕਾਰੀ' ਸਿਖੀ ਦੀ ਇਕ ਸੰਪ੍ਰਦਾਇ ਜਾਂ ਸ਼ਾਖ ਹੈ, ਜਿਸ ਦਾ ਪ੍ਰਚਾਰ ਰਾਵਲਪਿੰਡੀ ਅਤੇ ਪਸ਼ਾਵਰ ਦੇ ਇਲਾਕੇ ਵਿਚ ਹੋਇਆ। ਇਸ ਦਾ ਆਰੰਭ ਬਾਬਾ ਦਿਆਲ ਜੀ ਤੋਂ ਹੋਇਆ, ਜੋ ਸਹਿਜਧਾਰੀ ਸਿਖ, ਗੁਰੂ ਘਰ ਦੇ ਸ਼ਰਧਾਲੂ,ਬਾਣੀ ਦੇ ਪ੍ਰੀਤਵਾਨ ਤੇ ਸੁਧਾਰਕ ਸਨ।

ਨਿਰੰਕਾਰੀ ਸੰਪ੍ਰਦਾਇ ਬਾਰੇ ਇਤਿਹਾਸਕਾਰ ਦਸਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਪਿਸ਼ਾਵਰ ਦੇ ਵਸਨੀਕ ਇਕ ਸਹਿਜਧਾਰੀ ਸਿਖ, ਬਾਹਰੀ ਖਤਰੀ ਗੁਰ ਸਹਾਇ ਸਨ। ਉਨ੍ਹਾਂ ਦੇ ਪੁਤਰ ਭਾਈ ਰਾਮ ਸਹਾਇ ਜੀ ਹੋਏ। ਰਾਮ ਸਹਾਇ ਜੀ ਦੀ ਸ਼ਾਦੀ ਦਸਮ ਪਾਤਸਾਹ ਦੇ ਹਜ਼ੂਰੀ ਸਿਖ ਭਾਈ ਵਸਾਖਾ ਸਿੰਘ ਦੀ ਲੜਕੀ ਨਾਲ ਹੋਈ, ਜਿਸ ਤੋਂ ੧੫ ਵਿਸਾਖ ੧੮੪੦ ਬਿ: ਨੂੰ ਬਾਬਾ ਦਿਆਲ ਜੀ ਦਾ ਜਨਮ ਹੋਇਆ।

ਬਾਬਾ ਦਿਆਲ ਜੀ ਮ: ਰਣਜੀਤ ਸਿੰਘ ਦੇ ਜਨਮ ਤੋਂ ਚਾਰ ਸਾਲ ਬਾਹਦ ਪੈਦਾ ਹੋਏ। ਉਨ੍ਹਾਂ ਦੀ ਮਾਤਾ ਲਡਿਕੀ ਅਕਾਲ ਪੁਰਖ ਅਤੇ ਗੁਰਬਾਣੀ ਵਿਚ ਅਤੁਟ ਸ਼ਰਧਾ ਰਖਦੀ ਸੀ। ਇਤਿਹਾਸਕਾਰ ਲਿਖਦੇ ਹਨ ਕਿ ਮਾਤਾ ਨੂੰ ਉਸ ਦੇ ਪੇਕਿਆਂ ਨੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੀੜ ਉਸ ਜ਼ਮਾਨੇ ਵਿਚ ਦਾਜ ਵਿਚ ਦਿਤੀ ਸੀ, ਜਦ ਕਿ ਬੀੜ ਦੁਰਲਭ ਹੁੰਦੀ ਸੀ। ਮਾਤਾ ਨੇ ਆਪਣੇ ਬਚੇ ਦਿਆਲ ਜੀ ਨੂੰ ਅੰਤ ਸਮੇਂ ਕਿਹਾ—'ਬੇਟਾ, ਤੂੰ ਜੋ ਵੀ ਆਤਮਿਕ ਸਿਖਿਆ ਲੈਣੀ ਹੋਵੇ,

Digitized by Panjab Digital Library | www.panjabdigilib.org

ਉਹ ਗੁਰਬਾਣੀ ਵਿਚੋਂ ਲੈਣੀ। ਇਕ ਨਿਰੰਕਾਰ ਦੀ ਪੂਜਾ ਕਰਨੀ।'

ਮਾਤਾ ਲਡਿਕੀ ੩੦ ਸਾਲ ਦੀ ਉਮਰ ਵਿਚ ਗੁਜ਼ਰ ਗਈ, ਜਿਸ ਕਰਕੇ ਬਾਬਾ ਦਿਆਲ ਜੀ ਦੀ ਪਰਵਰਿਸ਼ ਨਾਨਕੇ ਘਰ ਹੋਈ। ਆਪ ਦਾ ਇਕ ਮਾਮਾ ਭਾਈ ਮਿਲਖਾ ਸਿੰਘ ਸੀ, ਜਿਸ ਨੇ ਦਿਆਲ ਜੀ ਨੂੰ ਗੁਰਬਾਣੀ ਦੀ ਕਥਾ, ਕੀਰਤਨ ਅਤੇ ਗੁਰਸਿਖੀ ਦੇ ਪ੍ਰਚਾਰ ਵਲ ਲਾਇਆ। ਆਪ ਦਾ ਦਾਦਕਾ ਅਤੇ ਨਾਨਕਾ ਖਾਨਦਾਨ ਦੋਵੇਂ ਪੂਰਨ ਗੁਰਸਿਖ ਸਨ।

ਬਾਬਾ ਦਿਆਲ ਜੀ ਦੀ ਸ਼ਾਦੀ ਭੇਹਰੇ ਦੇ ਇਕ ਖਤਰੀ ਦੀ ਲੜਕੀ ਮੂਲਾ ਦੇਵੀ ਨਾਲ ਹੋਈ, ਜਿਸ ਤੋਂ ਤਿੰਨ ਪੁਤਰ-ਬਾਬਾ ਦਰਬਾਰਾ ਸਿੰਘ, ਭਾਗ ਮਲ ਤੇ ਰਤਨ ਚੰਦ ਹੋਏ।

ਸੰਮਤ ੧੮੭੩ ਬਿ: ਵਿਚ ਮਹਾਰਾਜਾ ਰਣਜੀਤ ਸਿੰਘ ਨੇ ਬਾਬਾ ਦਿਆਲ ਤੇ ਉਨ੍ਹਾਂ ਦੇ ਖਾਨਦਾਨ ਨੂੰ ਪੋਠੋਹਾਰ ਤੇ ਪਿਸ਼ਾਵਰ ਦੇ ਇਲਾਕੇ ਵਿਚ ਗੁਰਸਿਖੀ ਦਾ ਪ੍ਰਚਾਰਕ ਸਮਝ ਕੇ ਲੰਗਰ ਦੇ ਨਾਂ ਪਰ ਜਗੀਰ ਦੇਣੀ ਚਾਹੀ, ਪਰ ਉਨ੍ਹਾਂ ਪ੍ਰਵਾਨ ਨਾ ਕੀਤੀ। ਉਹ ਭਾਈ ਰਾਮ ਸਿੰਘ ਦੇ ਗੁਰਦਵਾਰੇ ਕਥਾ ਕਰਦੇ ਸਨ। ਮਹਾਰਾਜਾ ਸਾਹਿਬ ਨੇ ਉਸ ਗੁਰਦਵਾਰੇ ਦੇ ਨਾਂ ਜਗੀਰ ਲਾ ਦਿਤੀ, ਜੋ ਸੰਨ ੧੯੪੭ ਤਕ ਮਿਲਦੀ ਰਹੀ।

ਬਾਬਾ ਦਿਆਲ ਜੀ ਦਸਾਂ ਸਤਿਗੁਰੂਆਂ ਪਰ ਅਤੁਟ ਸ਼ਰਧਾ ਰਖਦੇ ਸਨ। ਗੁਰਬਾਣੀ ਦੇ ਬਹੁਤ ਪਰੇਮੀ ਸਨ। ਮੂਰਤੀ ਪੂਜਾ ਜਾਂ ਕ੍ਰਿਤਮ ਪੂਜਾ ਨਹੀਂ ਕਰਦੇ ਸਨ। ਉਹ ਗੁਰਬਾਣੀ ਅਨੁਸਾਰ ਇਕ ਨਿਰਾਕਾਰ ਸ੍ਰੀ ਵਾਹਿਗੁਰੂ ਦੇ ਉਪਾਸ਼ਕ ਸਨ। ਉਹ ਕਹਿੰਦੇ ਸਨ-

ਜਪੋ ਪਿਆਰਿਓ ਧੰਨ ਨਿਰੰਕਾਰ।
ਦੇਹ ਧਾਰੀ ਸਭ ਖੁਆਰ।

ਭਾਵ-ਦੇਹ ਦੀ ਪੂਜਾ ਕਰਨ ਤੇ ਕਰਾਉਣ ਵਾਲੇ ਸਭ ਖੁਆਰ ਹੋਣਗੇ।

Digitized by Panjab Digital Library | www.panjabdigilib.org

ਨਿਰਾਕਾਰ ਦੀ ਭਗਤੀਅਤੇ ਪੂਜਾ ਬਾਰੇ ਦਸਾਂ ਸਤਿਗੁਰੂਆਂ ਨੇ ਆਪਣੇ ਜੀਵਨ ਤੇ ਗੁਰਬਾਣੀ ਵਿਚ ਕਾਫੀ ਜ਼ੋਰ ਦਿਤਾ ਹੈ। ਗੁਰਬਾਣੀ ਦੇ ਵਾਕ ਹਨ -

(੧) ਤੂੰ ਸਦਾ ਸਲਾਮਤ ਨਿਰੰਕਾਰ ॥ (ਜਪੁਜੀ)

(੨) ਨਾਉ ਤੇਰਾ ਨਿਰੰਕਾਰ ਹੈ (ਆਸਾ ਦੀ ਵਾਰ)

(੩) ਦੁਬਿਧਾ ਛੋਡਿ ਭਏ ਨਿਰੰਕਾਰੀ ।

( ) ਨਿਰੰਕਾਰ ਪ੍ਰਭੁ ਸਦਾ ਸਲਾਮਤ (ਸਵਈਏ)

ਜਨਮ ਸਾਖੀਆਂ ਵਿਚ ਲਿਖਿਆ ਹੈ ਕਿ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਵਾਹਿਗੁਰੂ ਦੀ ਯਾਦ ਅਤੇ ਕੁਦਰਤ ਦੇ ਰੰਗਾਂ ਨੂੰ ਵੇਖ ਕੇ ਵਜਦ ਵਿਚ ਆਉਂਦੇ ਸਨ, ਉਸ ਵਕਤ ਸਤਿ ਕਰਤਾਰ ਅਤੇ ਧੰਨ ਨਿਰੰਕਾਰ ਦੀ ਧੁਨਿ ਬੁਲੰਦ ਕਰਦੇ ਸਨ । ਇਸ ਲਈ ਕਈ ਲੋਕ ਆਪ ਨੂੰ ਗੁਰੂ ਨਾਨਕ ਨਿਰੰਕਾਰੀ ਵੀ ਕਹਿੰਦੇ ਸਨ ।

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਾਖੀਆਂ ਅਤੇ ਗੁਰਬਾਣੀ ਵਿਚੋਂ 'ਨਿਰੰਕਾਰ' ਸ਼ਬਦ ਦੀ ਵਰਤੋਂ ਬਾਬਾ ਦਿਆਲ ਜੀ ਨੇ ਕੀਤੀ। ਜਦ ਉਹ ਕਥਾ ਵਾਰਤਾ ਕਰਦੇ ਵਜਦ ਵਿਚ ਆਉਂਦੇ, ਤਦ 'ਧੰਨ ਨਿਰੰਕਾਰ' ਕਹਿੰਦੇ। ਉਨ੍ਹਾਂ ਦੀ ਰੀਸੇ ਆਪ ਦੇ ਸਤਿਸੰਗੀਆਂ ਨੇ ਵੀ ਇਸ ਸ਼ਬਦ ਦੀ ਵਰਤੋਂ ਸ਼ੁਰੂ ਕਰ ਦਿਤੀ, ਜਿਸ ਕਰਕੇ ਬਾਬਾ ਦਿਆਲ ਜੀ ਤੇ ਉਨ੍ਹਾਂ ਦੇ ਸਤਿਸੰਗੀਆਂ ਦਾ ਨਾਂ 'ਨਿਰੰਕਾਰੀ' ਪ੍ਰਚਲਤ ਹੋ ਗਿਆ ।

ਬਾਬਾ ਦਿਆਲ ਜੀ ਦਾ ਦੇਹਾਂਤ ੧੮ ਮਾਘ ਸੰਮਤ ੧੯੧੧ ਬਿ: (ਅਜ ਤੋਂ ਇਕ ਸੌ ਤੇਰਾਂ ਸਾਲ ਪਹਿਲੇ) ਨੂੰ ਹੋਇਆ । ਉਨ੍ਹਾਂ ਦੇ ਸਪੁਤ੍ਰ ਬਾਬਾ ਦਰਬਾਰਾ ਸਿੰਘ ਜੀ ਪੋਠੋਹਾਰ ਤੇ ਪਸ਼ਾਵਰ ਦੇ ਇਲਾਕੇ ਵਿਚ ਗੁਰਸਿਖੀ ਦਾ ਪ੍ਰਚਾਰ ਕਰਦੇ ਰਹੇ।ਬਾਬਾ ਦਰਬਾਰਾ ਸਿੰਘ ਜੀ ਦੇ ਛੋਟੇ ਭਰਾ ਬਾਬਾ ਰਤਨ ਚੰਦ ਜੀ ਨਿਰੰਕਾਰੀਆਂ ਵਿਚ ਬਾਬਾ ਰੱਤਾ ਜੀ ਦੇ ਨਾਂ ਤੋਂ ਪ੍ਰਸਿਧ ਹੋਏ। ਉਨ੍ਹਾਂ ਤੋਂ ਅਗੇ ਬਾਬਾ ਗੁਰਦਿਤ ਸਿੰਘ ਜੀ

Digitized by Panjab Digital Library | www.panjabdigilib.org

ਹੋਏ। ਉਨ੍ਹਾਂ ਦੇ ਅਸੀਂ ਕਈ ਵੇਰ ਰਾਵਲਪਿੰਡੀ ਵਿਚ ਦਰਸ਼ਨ ਕੀਤੇ ਹਨ। ਉਨ੍ਹਾਂ ਦੇ ਬਾਹਦ ਬਾਬਾ ਹਰਾ ਸਿੰਘ ਜੀ ਨਿਰੰਕਾਰੀਆਂ ਦੇ ਆਗੂ ਹਨ। ਆਪ ਅਜ ਕਲ ਚੰਡੀ ਗੜ੍ਹ ਵਿਚ ਨਿਵਾਸ ਰਖਦੇ ਹਨ। ਆਪ ਦੇ ਲੜਕੇ ਡਾ: ਮਾਨ ਸਿੰਘ ਸਿਵਲ ਹਸਪਤਾਲ ਅੰਮ੍ਰਿਤਸਰ ਵਿਚ ਅਖਾਂ ਦੇ ਪ੍ਰਸਿਧ ਡਾਕਟਰ ਹਨ।

ਰਾਵਲਪਿੰਡੀ ਵਿਚ ਰਾਜਾ ਬਜਾਰ ਦੇ ਲਾਗੇ ਲੂਣ ਮੰਡੀ ਵਿਚ ਨਿਰੰਕਾਰੀਆਂ ਦੀ ਧਰਮਸਾਲਾ ਇਨ੍ਹਾਂ ਦਾ ਕੇਂਦਰ ਸੀ। ੧੯੪੭ ਵਿਚ ਪੰਜਾਬ ਦੀ ਵੰਡ ਦੇ ਬਾਹਦ ਨਿਰੰਕਾਰੀ ਭਾਰਤ ਵਿਚ ਆ ਗਏ। ਉਹ ਹੁਣ ਵੀ ਰਾਵਲਪਿਡੀ ਦੇ ਗੁਰਦਵਾਰੇ ਦੀ ਵੇਖ ਭਾਲ ਲਈ ਜਾਂਦੇ ਹਨ। ਨਿਰੰਕਾਰੀ ਦਰਬਾਰ ਦਾ ਕੇਂਦਰ ਚੰਡੀ ਗੜ੍ਹ ਵਿਚ ਹੈ। ਉਥੇ ਉਹ ਸਾਲਾਨਾ ਜੋੜ ਮੇਲਾ ਕਰਦੇ ਹਨ।

ਨਿਰੰਕਾਰੀ ਬਜ਼ੁਰਗ ਦਸਾਂ ਸਤਿਗੁਰੂਆਂ ਨੂੰ ਆਪਣਾ ਇਸ਼ਟ ਮੰਨਦੇ ਸਨ। ਗੁਰਬਾਣੀ ਪਰ ਸ਼ਰਧਾ ਰਖਦੇ ਸਨ। ਕਿਰਤ ਕਰਕੇ ਜੀਵਨ ਨਿਰਦਾਹ ਕਰਦੇ ਸਨ। ਸਾਰੇ ਸੰਸਕਾਰ ਗੁਰਮਤਿ ਅਨੁਸਾਰ ਕਰਦੇ ਸਨ। ਉਨ੍ਹਾਂ ਦੇ ਪੈਰੋਕਾਰ ਨਿਰੰਕਾਰੀ ਹੁਣ ਵੀ ਉਸੇ ਤਰ੍ਹਾਂ ਕਰਦੇ ਹਨ। ਨਿਰੰਕਾਰੀ ਬਜ਼ੁਰਗ ਮਾਸ ਸ਼ਰਾਬ ਬਿਲਕੁਲ ਨਹੀਂ ਵਰਤਦੇ ਸਨ।

ਭਾਈ ਅਵਤਾਰ ਸਿੰਘ ਦਾ ਅਸਲੀ ਨਿਰੰਕਾਰੀਆਂ ਨਾਲ ਕੋਈ ਸੰਬੰਧ ਨਹੀਂ।

Digitized by Panjab Digital Library | www.panjabdigilib.org

੩.

ਸ਼ਰਾਬੀ ਗੁਰੂ ਤੇ ਚੇਲਾ

ਪਾਠਕ ਸੁਆਲ ਕਰਨਗੇ ਕਿ ਇਹ ਨਕਲੀ ਨਿਰੰਕਾਰੀ ਭਾਈ ਅਵਤਾਰ ਸਿਘ ਦੀ ਅਸਲੀਅਤ ਕੀ ਹੈ ? ਇਹ ਸ਼ਖਸ ਪਿਛੋਂ ਪਿੰਡ ਲਤੀਫਾਲ ਜ਼ਿਲਾ ਜੇਹਲਮ (ਪਛਮੀ ਪਾਕਿਸਤਾਨ) ਦਾ ਰਹਿਣ ਵਾਲਾ ਹੈ। ਇਹ ਪਸ਼ਾਵਰ ਦੇ ਮਹਲਾ ਕਰੀਮ ਪੁਰਾ ਗਲੀ ਬਖਸ਼ੀ ਵਿਚ ਡਬਲ ਰੋਟੀਆਂ ਤੇ ਕੁਲਚੇ ਬਨਾਉਣ ਦਾ ਕੰਮ ਕਰਦਾ ਸੀ। ਆਰਥਿਕ ਹਾਲਤ ਮਾੜੀ ਹੋਣ ਕਰਕ ਇਸ ਪਾਸ ਕੋਈ ਨੌਕਰ ਆਦਿਕ ਨਹੀਂ ਸੀ। ਇਸ ਲਈ ਬਿਸਕੁਟ, ਡਬਲ ਰੋਟੀਆਂ ਤੇ ਕੁਲਚੇ ਟੋਕਰੀਆਂ ਵਿਚ ਪਾ ਕੇ, ਕਈ ਵੇਰ ਸਿਰ ਉਤੇ ਚੁਕ ਕੇ ਤੇ ਕਈ ਵੇਰ ਸਾਈਕਲ ਦੇ ਪਿਛੇ ਰਖ ਕੇ ਦੁਕਾਨਦਾਰਾਂ ਨੂੰ ਦੇਣ ਲਈ ਜਾਂਦਾ ਸੀ। ਨਿਰੰਕਾਰੀਆ ਵਿਚ ਮਾਸ ਅਤੇ ਸ਼ਰਾਬ ਵਰਤਣ ਦੀ ਮਨਾਹੀ ਹੈ, ਪਰ ਨਕਲੀ ਨਿਰੰਕਾਰੀ ਭਾਈ ਅਵਤਾਰ ਸਿੰਘ ਦੋਵੇਂ ਹੀ ਵਰਤਦਾ ਸੀ

ਪਾਵਨ ਗੁਰਬਾਣੀ ਦਾ ਵਾਕ ਹੈ-

ਤੁਰਦੇ ਕਉ ਤੁਰਦਾ ਮਿਲੈ ਉੜਤੇ ਕਉ ਉੜਤਾ ॥
ਜੀਵਤੇ ਕਉ ਜੀਵਤਾ ਮਿਲੈ ਮੂਏ ਕਉ ਮੂਆ ॥

(ਵਾਰ ਸੂਹੀ ਸਲੋਕ ਮਹਲਾ ੨)

ਭਾਵ-ਜਿਸ ਕਿਸਮ ਦਾ ਕੋਈ ਇਨਸਾਨ ਹੋਵੇ, ਉਸ ਨੂੰ ਉਹੋ ਜਿਹਾ ਸੰਗੀ ਮਿਲ ਪੈਂਦਾ ਹੈ।

Digitized by Panjab Digital Library | www.panjabdigilib.org

ਅੰਗਰੇਜ਼ੀ ਦੀ ਇਕ ਕਹਾਵਤ ਹੈ—

Like Attracts Like.

ਭਾਵ—ਜਿਹਾ ਕੋਈ ਹੁੰਦਾ ਹੈ, ਉਹ ਆਪਣੇ ਵਰਗੇ ਨੂੰ ਖਿਚਦਾ ਹੈ। ਪੰਜਾਬੀ ਦੀ ਇਕ ਕਹਾਵਤ ਹੈ—ਜੇਹੀ ਰੂਹ ਤੇਹੇ ਫਰਿਸ਼ਤੇ।

ਨਕਲੀ ਨਿਰੰਕਾਰੀ ਭਾਈ ਅਵਤਾਰ ਸਿੰਘ ਨੂੰ ਪਸ਼ੌਰ ਵਿਚ ਇਕ ਸ਼ਰਾਬੀ ਕਬਾਬੀ ਅਤੇ ਨਿਰੰਕਾਰੀ ਦਰਬਾਰ ਵਿਚੋਂ ਕਢਿਆ ਹੋਇਆ ਭਾਈ ਬੂਟਾ ਸਿੰਘ ਗੁਰੂ ਮਿਲ ਪਿਆ।

ਭਾਈ ਬੂਟਾ ਸਿੰਘ ਦੀ ਸੰਖੇਪ ਹਿਸਟਰੀ ਇਹ ਹੈ- ਉਹ ਪਿੰਡ ਅਧਵਾਲ ਜ਼ਿਲਾ ਕੈਮਲਪੁਰ (ਗਿਆਨੀ ਗੁਰਮੁਖ ਸਿੰਘ ਮੁਸਾਫਰ ਦਾ ਪਿੰਡ) ਦੇ ਭਾਈ ਬਿਸ਼ਨ ਸਿੰਘ ਨਿਰੰਕਾਰੀ ਦਾ ਲੜਕਾ ਸੀ। ਇਹ ਚਾਰ ਭਰਾ ਸਨ ਬੂਟਾ ਸਿੰਘ, ਸੋਭਾ ਸਿੰਘ, ਸੰਤ ਸਿੰਘ ਅਤੇ ਬਚਨ ਸਿੰਘ। ਇਹਨਾਂ ਦੇ ਪਿਤਾ ਭਾਈ ਬਿਸ਼ਨ ਸਿੰਘ ਗੁਰੂ ਘਰ ਦੇ ਬੜੇ ਪਰੇਮੀ ਅਤੇ ਸਿਦਕੀ ਸਿਖ ਸਨ। ਗੁਰਬਾਣੀ ਅਤੇ ਦਸਾਂ ਸਤਿਗੁਰੂਆਂ ਉਤੇ ਅਤੁਟ ਸ਼ਰਧਾ ਰਖਦੇ ਸਨ। ਉਹਨਾਂ ਨੇ ਆਪਣੇ ਘਰ ਵਿਚ ਇਕ ਗੁਰਦੁਆਰਾ ਬਣਾਇਆ ਹੋਇਆ ਸੀ। ਨਿਰੰਕਾਰੀ ਦਰਬਾਰ ਰਾਵਲਪਿੰਡੀ ਨਾਲ ਸਬੰਧਤ ਸਨ।

ਜਿਸ ਤਰ੍ਹਾਂ ਕਈ ਵੇਰ ਕਿਸੇ ਖੇਤ ਵਿਚ ਕਾਂਗਿਆਰੀ ਪੈ ਜਾਂਦੀ ਹੈ, ਭੁਕਾਟ ਤੇ ਮੈਣਾ ਉਗ ਪੈਂਦੇ ਹਨ, ਇਸੇ ਤਰ੍ਹਾਂ ਕਈ ਚੰਗੇ ਬੰਦਿਆਂ ਦੀ ਸੰਤਾਨ ਮਾੜੀ ਨਿਕਲ ਪੈਂਦੀ ਹੈ। ਭਾਈ ਬਿਸ਼ਨ ਸਿੰਘ ਦੇ ਪੁਤਰਾਂ ਵਿਚੋਂ ਬੂਟਾ ਸਿੰਘ ਕੁਸੰਗਤ ਕਰਕੇ ਸ਼ਰਾਬੀ ਕਬਾਬੀ ਨਿਕਲ ਪਿਆ। ਉਹ ਕੋਈ ਬਹੁਤ ਪੜ੍ਹਿਆ ਲਿਖਿਆ ਨਹੀਂ ਸੀ। ਬਾਹਵਾਂ ਤੇ ਨਾਵੇਂ ਉਕਰਨ, ਫੁਲ ਬੂਟੇ ਤੇ ਤਸਵੀਰਾਂ ਪਾਉਣ ਅਤੇ ਫੋਟੋਗ੍ਰਾਫੀ ਦਾ ਕੰਮ ਕਰਦਾ ਸੀ। ਰਾਵਲਪਿੰਡੀ ਛਾਉਣੀ ਵਿਚ ਜਾਂ ਹੋਰ ਕਈ ਥਾਂਈਂ ਫੌਜੀ ਗੋਰਿਆਂ ਦੇ ਨਾਵੇਂ ਉਕਰਨ ਤੇ ਫੋਟੋ ਆਦਿਕ ਲੈਣ ਕਰਕੇ ਮਿਲਟਰੀ ਵਿਚ ਉਸ ਦੀ ਆਵਾਜਾਈ ਸੀ। ਫੌਜੀ ਗੋਰਿਆਂ ਦੀ ਸੰਗਤ ਕਰਕੇ

Digitized by Panjab Digital Library | www.panjabdigilib.org

ਉਸ ਨੂੰ ਸ਼ਰਾਬ ਪੀਣ ਦੀ ਭੈੜੀ ਵਾਦੀ ਪੈ ਗਈ।

ਭਾਈ ਬੂਟਾ ਸਿੰਘ ਰਾਵਲਪਿੰਡੀ ਵਿਚ ਨਿਰੰਕਾਰੀਆਂ ਦੇ ਗੁਰ-ਦੁਆਰੇ ਵਿਚਕੀਰਤਨ ਤੇ ਪ੍ਰਚਾਰ ਵੀ ਕਰਦਾ ਸੀ। ਉਸ ਦੇ ਨਾਲ ਉਸ ਦੀ ਵਹੁਟੀ ਤੇ ਸੱਸ ਗੁਰਦੁਆਰੇ ਵਿਚ ਹੀ ਰਹਿੰਦੀਆਂ ਸਨ।ਉਸ ਵਕਤ ਨਿਰੰਕਾਰੀ ਸੰਪ੍ਰਦਾਇ ਦੇ ਮੁਖੀ ਸ੍ਵਰਗੀ ਬਾਬਾ ਗੁਰਦਿਤਸਿੰਘ ਜੀ ਸਨ।

ਇਕ ਵੇਰ ਭਾਈ ਬੂਟਾ ਸਿਘ ਨਿਰੰਕਾਰੀ ਦਰਬਾਰ ਰਾਵਲ-ਪਿੰਡੀ ਦੇ ਮੁਖੀ ਬਾਬਾ ਹਰਾ ਸਿੰਘ ਜੀ ਨਾਲ ਪ੍ਰਚਾਰ ਵਾਸਤੇ ਜ਼ਿਲਾ ਕੈਮਲਪੁਰ ਦੇ ਪਿੰਡਾਂ ਵਿਚ ਗਿਆ। ਪਿੰਡ ਠਲੀਆਂ ਜ਼ਿਲਾ ਕੈਮਲਪੁਰ ਵਿਚ ਬੂਟਾ ਸਿੰਘ ਨੇ ਬਾਬਾ ਹਰਾ ਸਿੰਘ ਜੀ ਨੂੰ ਕਿਹਾ -'ਮੈਨੂੰ ਆਤਮ ਗਿਆਨ ਅਤੇ ਨਾਮ ਦਿਓ।'

ਬਾਬਾ ਜੀ ਨੇ ਉਤਰ ਦਿਤਾ 'ਸਾਡੇ ਵਿਚ ਗੁਰਬਾਣੀ ਸਭ ਤੋਂ ਉਤਮ ਗਿਆਨ ਦੇਣ ਵਾਲੀ ਮੰਨੀ ਗਈ ਹੈ। ਇਸ ਵਿਚ ਹੀ ਨਾਮ ਹੈ। ਦੂਜੀਆਂ ਕਈ ਸੰਪ੍ਰਦਾਵਾਂ ਵਾਂਗ ਕੰਨਾਂ ਵਿਚ ਫੂਕ ਮਾਰ ਕੇ ਕੋਈ ਗੁਪਤ ਮੰਤਰ ਜਾਂ ਨਾਮ ਦੇਣ ਦੀ ਰਸਮ ਨਹੀਂ ਹੈ। ਨਿਰਾਕਾਰ ਸ੍ਰੀ ਵਾਹਿਗੁਰੂ ਦੇ ਧਿਆਨ ਸਿਮਰਨ ਅਤੇ ਵਿਸ਼ਵਾਸ ਨਾਲ ਹੀ ਮਨੁਖ ਨੂੰ ਆਤਮਿਕ ਸ਼ਾਂਤੀ ਮਿਲ ਸਕਦੀ ਹੈ।'

ਦੂਜੇ ਦਿਨ ਪਿੰਡ ਠਲੀਆਂ ਦੇ ਦੀਵਾਨ ਵਿਚ ਬੂਟਾ ਸਿੰਘ ਨੇ ਕਿਹਾ ਕਿ ਮੈਨੂੰ ਬਾਬਾ ਜੀ ਨੇ ਪੂਰਨ ਗਿਆਨ ਕਰਵਾ ਦਿਤਾ ਹੈ।

ਅਸੀਂ ਪਿਛੇ ਦਸ ਆਏ ਹਾਂ ਕਿ ਨਿਰੰਕਾਰੀ ਬਜ਼ੁਰਗ ਬਾਬਾ ਦਿਆਲ ਜੀ, ਬਾਬਾ ਦਰਬਾਰਾ ਸਿੰਘ ਸਾਹਿਬ ਜਾਂ ਬਾਬਾ ਰੱਤਾ ਜੀ ਮਾਸ ਸ਼ਰਾਬ ਨਹੀਂ ਵਰਤਦੇ ਸਨ। ਇਸ ਲਈ ਉਹਨਾਂ ਦੀ ਸਿਖਿਆ ਦੇ ਮੁਤਾਬਕ ਕੋਈ ਵੀ ਅਸਲੀ ਨਿਰੰਕਾਰੀ ਹੁਣ ਤਕ ਮਾਸ ਸ਼ਰਾਬ ਦੀ ਵਰਤੋਂ ਨਹੀਂ ਕਰਦਾ। ਪਰ ਪੰਜਾਬੀ ਦੇ ਇਕ ਪ੍ਰਸਿਧ ਕਵੀ ਨੇ ਲਿਖਿਆ ਹੈ—

ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ,

Digitized by Panjab Digital Library | www.panjabdigilib.org

ਭਾਵੇਂ ਕਟੀਏ ਪੋਰੀਆਂ ਪੋਰੀਆਂ ਜੀ।

ਉਰਦੂ ਦੇ ਕਿਸੇ ਸ਼ਾਇਰ ਨੇ ਕਿਹਾ ਹੈ -

ਛੁਟਤੀ ਨਹੀਂ ਹੈ ਕਾਫ਼ਰ ਮੂੰਹ ਸੇ ਲਗੀ ਹੁਈ।

ਭਾਵ-ਸ਼ਰਾਬ ਜਿਸ ਦੇ ਮੂੰਹ ਨੂੰ ਲਗ ਜਾਵੇ, ਉਸ ਲਈ ਛਡਣੀ ਮੁਸ਼ਕਲ ਹੋ ਜਾਂਦੀ ਹੈ।

ਭਾਈ ਬੂਟਾ ਸਿੰਘ ਨੂੰ ਗੋਰੇ ਫੌਜੀਆਂ ਦੀ ਕੁਸੰਗਤ ਕਰਕੇ ਸ਼ਰਾਬ ਪੀਣ ਦੀ ਜੋ ਭੈੜੀ ਵਾਦੀ ਪੈ ਗਈ ਸੀ, ਉਹ ਨਿਰੰਕਾਰੀ ਦਰਬਾਰ ਰਾਵਲਪਿੰਡੀ ਵਿਚ ਕੀਰਤਨ ਕਰਨ ਦੇ ਬਾਵਜੂਦ ਦੂਰ ਨਾ ਹੋ ਸਕੀ। ਉਹ ਲੁਕ ਛੁਪ ਕੇ ਮਾਸ ਅਤੇ ਸ਼ਰਾਬ ਦੀ ਵਰਤੋਂ ਕਰਦਾ ਸੀ। ਗੁਰਬਾਣੀ ਦਾ ਵਾਕ ਹੈ-

ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ।

ਪਾਪ ਕਰਮ, ਇਸ਼ਕ ਅਤੇ ਮੁਸ਼ਕ ਕਦੀ ਛੁਪ ਨਹੀਂ ਸਕਦੇ।

ਨਿਰੰਕਾਰੀ ਦਰਬਾਰ ਰਾਵਲਪਿੰਡੀ ਵਲੋਂ ਨਿਰੰਕਾਰੀਆਂ ਦੇ ਗੁਰਦੁਆਰੇ ਵਿਚ ਹਰ ਸਾਲ ਮਾਘ ਦੇ ਮਹੀਨੇ ਸਾਲਾਨਾ ਜੋੜ ਮੇਲਾ ਹੁੰਦਾ ਸੀ। ਉਸ ਜੋੜ ਮੇਲੇ ਵਿਚ ਭਾਈ ਬੂਟਾ ਸਿੰਘ ਸ਼ਰਾਬ ਵਿਚ ਗੁਟ ਹੋ ਕੇ ਕੀਰਤਨ ਕਰ ਰਿਹਾ ਸੀ। ਦੀਵਾਨ ਵਿਚੋਂ ਕਿਸੇ ਸਜਣ ਨੇ ਨਿਰੰਕਾਰੀ ਆਗੂ ਬਾਬਾ ਗੁਰਦਿਤ ਸਿੰਘ ਜੀ ਪਾਸ ਸ਼ਕਾਇਤ ਕੀਤੀ ਕਿ ਭਾਈ ਬੂਟਾ ਸਿੰਘ ਨੇ ਸ਼ਰਾਬ ਪੀਤੀ ਹੋਈ ਹੈ, ਇਸ ਲਈ ਇਸ ਨੂੰ ਸੰਗਤ ਵਿਚ ਕੀਰਤਨ ਕਰਨ ਦੀ ਆਗਿਆ ਨਹੀਂ ਦੇਣੀ ਚਾਹੀਦੀ। ਕਈ ਸਜਣ ਦਸਦੇ ਹਨ ਕਿ ਉਸ ਨੇ ਦੀਵਾਨ ਵਿਚ ਉਲਟੀਆਂ ਵੀ ਕੀਤੀਆਂ।

ਬਾਬਾ ਗੁਰਦਿਤ ਸਿੰਘ ਜੀ ਨੇ ਜੋਸ਼ ਵਿਚ ਆ ਕੇ ਉਸ ਨੂੰ ਪੁਛਿਆ-'ਕੀ ਤੂੰ ਸ਼ਰਾਬ ਪੀਤੀ ਹੋਈ ਹੈ ?'

ਬੂਟਾ ਸਿੰਘ ਨੇ ਮੰਨ ਲਿਆ ਕਿ ਮੈਂ ਸ਼ਰਾਬ ਵਿਚ ਗੁਟ ਹਾਂ। ਬਾਬਾ ਗੁਰਦਿਤ ਸਿੰਘ ਜੀ ਨੇ ਕਿਹਾ 'ਤੇਰੀ ਥਾਂ ਹੁਣ ਕੀਰਤਨ ਕਰਨ

Digitized by Panjab Digital Library | www.panjabdigilib.org

ਲਈ ਸਟੇਜ ਉਤੇ ਜਾਂ ਸੰਗਤ ਵਿਚ ਨਹੀਂ ਹੈ, ਬਲਕਿ ਜੋੜਿਆਂ ਵਿਚ ਹੈ।'

ਇਹ ਆਖ ਕੇ ਉਹਨਾਂ ਨੇ ਭਾਈ ਬੂਟਾ ਸਿੰਘ ਦੇ ਮਾਮੇ ਗਿ: ਸੰਤੋਖ ਸਿੰਘ ਨੂੰ ਕਿਹਾ-'ਇਸ ਸ਼ਰਾਬੀ ਨੂੰ ਦੀਵਾਨ ਵਿਚੋਂ ਬਾਹਰ ਕਢ ਦਿਓ ਅਤੇ ਜੋੜਿਆਂ ਵਾਲੀ ਥਾਂ ਤੇ ਬਿਠਾਓ।'

ਬਾਬਾ ਜੀ ਦੇ ਹੁਕਮ ਅਨੁਸਾਰ ਗਿ: ਸੰਤੋਖ ਸਿੰਘ ਨੇ ਉਸ ਨੂੰ ਬਾਹੋਂ ਫੜ ਕੇ ਜੋੜਿਆਂ ਵਾਲੀ ਥਾਂ ਜਾ ਬਿਠਾਇਆ। ਭਾਈ ਬੂਟਾ ਸਿੰਘ ਨੇ ਆਪਣੇ ਕੁਕਰਮ ਦੇ ਪ੍ਰਾਸਚਿਤ ਲਈ ਸੰਗਤ ਪਾਸੋਂ ਖਿਮਾ ਮੰਗੀ। ਪਰ ਇਸ ਘਟਨਾ ਦੇ ਬਾਹਦ ਬੂਟਾ ਸਿੰਘ ਦਾ ਨਿਰੰਕਾਰੀ ਦਰਬਾਰ ਰਾਵਲਪਿੰਡੀ ਵਿਚ ਆਉਣਾ ਜਾਣਾ ਬੰਦ ਹੋ ਗਿਆ। ਉਹ ਬਾਹਰ ਫਿਰ ਕੇ ਲੋਕਾਂ ਵਿਚ ਇਹ ਕਹਿਣ ਲਗ ਪਿਆ ਕਿ ਮੈਂ ਵਖਰੀ ਪਾਰਟੀ ਖੜੀ ਕਰਾਂਗਾ, ਪਰ ਉਸ ਦੀ ਆਪਣੇ ਇਲਾਕੇ ਸੁਆਂ, ਰਾਵਲਪਿੰਡੀ, ਪੋਠੋਹਾਰ ਜਾਂ ਪਸ਼ਾਵਰ ਵਿਚ ਕੋਈ ਦਾਲ ਨਾ ਗਲੀ।

ਭਾਈ ਬੂਟਾ ਸਿੰਘ ਰਾਵਲਪਿੰਡੀ ਦੇ ਇਲਾਕੇ ਵਿਚ ਆਪਣੀ ਸਖਤ ਵਿਰੋਧਤਾ ਵੇਖ ਕੇ ਪਸ਼ਾਵਰ ਚਲਾ ਗਿਆ, ਜਿਥੇ ਉਹ ਨਕਲੀ ਨਿਰੰਕਾਰੀ ਭਾਈ ਅਵਤਾਰ ਸਿੰਘ ਨੂੰ ਮਿਲਿਆ। ਦੋਵੇਂ ਮਾਸ ਤੇ ਸ਼ਰਾਬ ਛਕਣ ਛਕਾਉਣ ਵਾਲੇ ਸਨ, ਇਸ ਲਈ ਜੁਟ ਬਣ ਗਿਆ।

'ਮੋਏ ਬਾਬੇ ਦੀਆਂ ਅਖਾਂ ਵਡੀਆਂ' ਦੀ ਕਹਾਵਤ ਅਨੁਸਾਰ ਅਜ ਕਲ ਨਕਲੀ ਨਿਰੰਕਾਰੀ ਭਾਈ ਅਵਤਾਰ ਸਿੰਘ ਦੇ ਰਸਾਲੇ 'ਸੰਤ ਨਿਰੰਕਾਰੀ' ਵਿਚ ਭਾਈ ਬੂਟਾ ਸਿੰਘ ਨੂੰ ਸਤਿਗੁਰੂ ਲਿਖਿਆ ਜਾ ਰਿਹਾ ਹੈ। ਅਗਸਤ ੧੯੬੬ ਦੇ ਅੰਕ ਵਿਚ ਸਫਾ ੨੭ ਉਤੇ ਭਾਈ ਲਾਭ ਸਿੰਘ ਪ੍ਰਧਾਨ ਨਿਰੰਕਾਰੀ ਮੰਡਲ ਦਿਲੀ ਦਾ ਇਕ ਲੇਖ ਛਪਿਆ ਹੈ। ਉਸ ਵਿਚ ਲਿਖਿਆ ਹੈ-

'ਸਤਿਗੁਰੂ ਬਾਬਾ ਬੂਟਾ ਸਿੰਘ ਜੀ ਬੜੇ ਭਿਆਨਕ ਤੋਂ ਭਿਆਨਕ ਕੌਤਕ ਦਸਦੇ ਸਨ।'

Digitized by Panjab Digital Library | www.panjabdigilib.org

ਅਸੀਂ ਪਾਠਕਾਂ ਦੀ ਵਾਕਫੀਅਤ ਲਈ ਸ਼ਰਾਬੀ ਕਬਾਬੀ ਭਾਈ ਬੂਟਾ ਸਿੰਘ ਦੇ ਕੌਤਕਾਂ ਦੇ ਕੁਝ ਨਮੂਨੇ ਪੇਸ਼ ਕਰਦੇ ਹਾਂ ।

ਭਾਈ ਬੂਟਾ ਸਿੰਘ ਦੇ ਨਗਰ ਵਾਸੀ ਡਾਕਟਰ ਹਰਨਾਮ ਸਿੰਘ ਪਿੰਡ ਅਧਵਾਲ ਜ਼ਿਲਾ ਕੈਮਲਪੁਰ ਹਾਲ ਬੰਬਈ ਨੇ 'ਨਕਲੀ ਨਿਰੰਕਾਰੀ' ਦੇ ਸਿਰਲੇਖ ਹੇਠਾਂ ਰਸਾਲਾ 'ਗਿਆਨ ਅੰਮ੍ਰਿਤ' ਅੰਮ੍ਰਿਤਸਰ ਵਿਚ ਸ਼ਤੰਬਰ ੧੯੬੪ ਤੋਂ ਲੈ ਕੇ ਅਪਰੈਲ ੧੯੬੫ ਤਕ ਛਪੇ ਹੋਏ ਲੇਖ ਪੜ੍ਹ ਕੇ ੨੪ ਮਈ ੧੯੬੫ ਨੂੰ ਭਾਈ ਬੂਟਾ ਸਿੰਘ ਬਾਰੇ ਸਾਨੂੰ ਦਸਿਆ

ਭਾਈ ਬੂਟਾ ਸਿੰਘ ਮੇਰੇ ਪਿੰਡ ਦਾ ਅਤੇ ਗੁਆਂਢੀ ਸੀ। ਸ਼ਰਾਬੀ ਕਬਾਬੀ ਹੋਣ ਕਰਕੇ ਉਸ ਨੂੰ ਆਪਣੇ ਪਿੰਡ, ਇਲਾਕਾ ਸੁਆਂ, ਪਸ਼ਾਵਰ ਜਾਂ ਰਾਵਲਪਿੰਡੀ ਦੇ ਕਿਸੇ ਪਿੰਡ ਵਿਚ ਕੋਈ ਸਿਖ ਮੂੰਹ ਨਹੀਂ ਸੀ ਲਾਉਂਦਾ। ਲੋਕੀ ਕਿਸੇ ਥਾਂ ਉਸ ਦਾ ਕੀਰਤਨ ਜਾਂ ਲੈਕਚਰ ਨਹੀਂ ਸੁਣਦੇ ਸਨ। ਇਸ ਲਈ ਕਈ ਵੇਰ ਉਹ ਆਪਣੀ ਔਰਤ ਨੂੰ ਮਾਰਦਾ ਕੁਟਦਾ ਸੀ ਤੇ ਕਹਿੰਦਾ ਸੀ 'ਮੇਰਾ ਹੁਕਮ ਮੰਨ, ਕਪੜੇ ਲਾਹ ਕੇ ਨੰਗੀ ਹੋ ਕੇ ਬਜ਼ਾਰ ਵਿਚ ਜਾਹ, ਉਥੋਂ ਸੌਦਾ ਲਿਆ ਤੇ ਲੋਕਾਂ ਨੂੰ ਕਹੋ ਕਿ ਮੇਰਾ ਪਤੀ ਗੁਰੂ ਪ੍ਰਗਟ ਹੋਇਆ ਹੈ।'

ਦੂਜੀ ਗਲ ਡਾਕਟਰ ਹਰਨਾਮ ਸਿੰਘ ਨੇ ਇਹ ਦਸੀ ਕਿ ਬੂਟਾ ਸਿੰਘ ਆਪਣੀ ਮਾਂ ਨੂੰ ਰੋਟੀ ਨਹੀਂ ਸੀ ਦਿੰਦਾ। ਉਹ ਵਿਚਾਰੀ ਗਲੀ ਮਹਲੇ ਅਤੇ ਸਾਡੇ ਘਰਾਂ ਵਿਚੋਂ ਰੋਟੀ ਮੰਗ ਕੇ ਖਾਂਦੀ ਸੀ। ਇਕ ਵੇਰ ਉਸ ਨੇ ਮੇਰੇ ਸਾਹਮਣੇ ਬਿਰਧ ਮਾਈ ਨੂੰ ਬਹੁਤ ਕੁਟਿਆ। ਮਾਈ ਨੇ ਦੁਖੀ ਹੋ ਕੇ ਕਿਹਾ—'ਮੈਨੂੰ ਮਾਰਨ ਵਾਲਿਆ ਬੂਟਿਆ, ਤੂੰ ਕੋਹੜੀ ਹੋ ਕ ਮਰੇਂਗਾ ।'

ਡਾਕਟਰ ਸਾਹਿਬ ਦਸਦੇ ਹਨ ਕਿ ਬੁਢੀ ਮਾਈ ਦਾ ਉਹ ਸਰਾਪ ਪੂਰਾ ਹੋਇਆ ਤੇ ਬੂਟਾ ਸਿੰਘ ਸੁਜ਼ਾਕ ਵਰਗੇ ਭਿਆਨਕ ਰੋਗ ਨਾਲ ਕੋਹ ਮਰੀ ਵਿਚ ਮਰਿਆ। ਇਹ ਗੱਲ ਪਾਕਿਸਤਾਨ ਬਣਨ ਤੋਂ

Digitized by Panjab Digital Library | www.panjabdigilib.org

ਕੁਝ ਸਾਲ ਪਹਿਲਾਂ ਦੀ ਹੈ। ਸਾਡੇ ਪਿੰਡ ਤੇ ਇਲਾਕੇ ਦੇ ਲੋਕ ਕਹਿੰਦੇ ਸਨ ਕਿ ਬੂਟਾ ਸਿੰਘ ਨੂੰ ਉਸ ਦੀ ਮਾਤਾ ਦਾ ਸਰਾਪ ਲਗਾ ਹੈ।

ਪਸ਼ਾਵਰ ਵਿਚ ਭਾਈ ਬੂਟਾ ਸਿੰਘ ਦੀ ਕੀ ਹਾਲਤ ਸੀ? ਇਸ ਬਾਰੇ ਇਕ ਮਸਾਲ ਪੇਸ਼ ਕਰਦੇ ਹਾਂ। ਪਸ਼ਾਵਰ ਵਿਚ ਇਕ ਭਾਈ ਮੁਖਾ ਸਿੰਘ ਹੋਟਲ ਕਰਦਾ ਸੀ। ਭਾਈ ਬੂਟਾ ਸਿੰਘ ਉਸ ਨੂੰ ਜਾ ਕੇ ਕਹਿੰਦਾ ਸੀ, 'ਤੂੰ ਜਾਣਦਾ ਨਹੀਂ, ਮੈਂ ਕੌਣ ਹਾਂ?' ਮੁਖਾ ਸਿੰਘ ਜਵਾਬ ਦੇਂਦਾ ਸੀ ਕਿ ਸ਼ਰਾਬੀ ਕਬਾਬੀ ਤੇ ਕਾਫਰ ਹੈਂ। (ਵੇਖੋ ਸੰਤ ਨਿਰੰਕਾਰੀ ਅਪਰੈਲ ੧੯੬੭ ਸਫਾ ੨੫)।

ਇਕ ਜਾਣੂ ਸਜਣ ਨੇ ਦਸਿਆ ਕਿ ਕੋਹ ਮਰੀ ਵਿਚ ਜਦ ਭਾਈ ਬੂਟਾ ਸਿੰਘ ਬੀਮਾਰ ਸੀ ਤਾਂ ਉਸ ਨੂੰ ਅਜਿਹਾ ਝਲ ਕੁਦਿਆ ਕਿ ਇਕ ਦਿਨ ਕੈਂਚੀ ਲੈ ਕੇ ਅਧੀ ਦਾਹੜੀ ਮਨ ਸੁਟੀ। ਭਿਆਨਕ ਰੋਗ ਕਾਰਨ ਜਦ ਉਸ ਦਾ ਦੇਹਾਂਤ ਹੋ ਗਿਆ ਤੇ ਕੁਝ ਥੋੜੇ ਬੰਦਿਆਂ ਨੇ ਉਸ ਦਾ ਨੜੋਆ ਚੁਕਿਆ। ਉਸ ਵਕਤ ਠਾਕਰ ਦਾਸ ਨਾਮੀ ਇਕ ਸਜਨ ਨੇ ਨੜੋਏ ਤੋਂ ਫੁਲਾਂ ਦਾ ਹਾਰ ਲਾਹ ਕੇ ਭਾਈ ਅਵਤਾਰ ਸਿੰਘ ਦੇ ਗਲ ਵਿਚ ਪਾ ਦਿਤਾ ਤੇ ਕਿਹਾ ਕਿ ਇਹ ਬੂਟਾ ਸਿੰਘ ਦੀ ਥਾਂ ਮਲਣਗੇ।

ਭਾਈ ਬੂਟਾ ਸਿੰਘ ਦੀ ਮੌਤ ਦੇ ਬਾਹਦ ਭਾਈ ਅਵਤਾਰ ਸਿੰਘ ਨੇ ਰਾਵਲਪਿੰਡੀ ਦੇ ਮਹਲਾ ਮੋਹਨ ਪੁਰੇ ਵਿਚ ਰਹਾਇਸ਼ ਕਰ ਲਈ। ਉਥੇ ਸ਼ਰਾਬ ਕਬਾਬ ਛਕਣ ਦਾ ਦੌਰ ਚਲਦਾ ਰਿਹਾ।

ਅਸੀਂ ੧੯੩੦ ਤੋਂ ਲੈ ਕੇ ੧੯੪੭ ਅਰਥਾਤ ਪਾਕਿਸਤਾਨ ਬਣਨ ਤੀਕ ਰਾਵਲਪਿੰਡੀ ਤੇ ਪਸ਼ਾਵਰ ਵਿਚ ਪਰਚਾਰ ਲਈ ਜਾਂਦੇ ਰਹੇ ਹਾਂ। ਪਰ ਦੋਹੀਂ ਥਾਂਈਂ ਭਾਈ ਬੂਟਾ ਸਿੰਘ ਜਾਂ ਅਵਤਾਰ ਸਿੰਘ ਦਾ ਕਦੀ ਨਾਂ ਨਹੀਂ ਸੁਣਿਆ ਸੀ।

੧੫ ਅਗਸਤ ੧੯੪੭ ਵਿਚ ਪਾਕਿਸਤਾਨ ਬਣਨ ਦੇ ਬਾਹਦ ਨਕਲੀ ਨਿਰੰਕਾਰੀ ਆਪਣਾ ਟੀਹਾ ਟੱਬਾ ਚੁਕਕੇ ਦਿਲੀ ਆ ਗਿਆ।

Digitized by Panjab Digital Library | www.panjabdigilib.org

੪.

ਸ਼ਖਸੀ ਤੇ ਕੁਟੰਬ ਪੂਜਾ ਦਾ ਢੌਂਗ

ਪਾਕਿਸਤਾਨ ਬਣਨ ਦੇ ਬਾਹਦ ਭਾਈ ਅਵਤਾਰ ਸਿੰਘ ਨੇ ਦਿਲੀ ਵਿਚ ਆ ਕੇ ਅਡਾ ਪਾਇਆ। ਡਬਲ ਰੋਟੀਆਂ ਤੇ ਕੁਲਚੇ ਵੇਚਣ ਨਾਲ ਮਾਇਆ ਇਕੱਠੀ ਨਹੀਂ ਹੋ ਸਕਦੀ ਸੀ। ਕੋਠੀਆਂ, ਸੁਨਹਿਰੀ ਤਾਜ ਤੇ ਕਾਰਾਂ ਨਹੀਂ ਬਣ ਸਕਦੀਆਂ ਸਨ। ਇਸ ਲਈ ਇਸ ਚਾਲਾਕ ਆਦਮੀ ਨੇ 'ਦੁਨੀਆਂ ਲੁਟੀਏ ਮਕਰ ਸੇ, ਰੋਟੀ ਖਾਈਏ ਸ਼ਕਰ ਸੇ' ਦੀ ਕਹਾਵਤ ਅਨੁਸਾਰ 'ਸੰਤ ਨਿਰੰਕਾਰੀ' ਦੇ ਨਾਂ ਉਤੇ ਪਖੰਡ ਦੀ ਦੁਕਾਨ ਸ਼ੁਰੂ ਕਰ ਦਿਤੀ। ਸਾਡੇ ਦੇਸ ਵਿਚ ਅਜੇ ਵੀ ਕਈ 'ਅਕਲ ਦੇ ਅੰਨ੍ਹੇ ਤੇ ਗੰਢ ਦੇ ਪੂਰੇ' ਮਿਲ ਹੀ ਜਾਂਦੇ ਹਨ। ਮਥੇ ਟੇਕਣ ਵਾਲੀਆ ਮਾਈਆਂ ਬੀਬੀਆਂ ਵੀ ਮਿਲ ਜਾਂਦੀਆਂ ਹਨ। ਇਸ ਲਈ ਆਪਣੀ 'ਢਾਈ ਪਾ ਖਿਚੜੀ' ਵਖਰੀ ਰਿੰਨ੍ਹਣ ਲਈ ਇਸ ਨੇ ਵੀ ਇਕ 'ਸੰਤ ਨਿਰੰਕਾਰੀ ਮੰਡਲ' ਬਣਾ ਲਿਆ, ਜਿਸ ਵਿਚ ਪੁਤਰ, ਧੀਆਂ ਤੇ ਜਵਾਈ ਵੀ ਸ਼ਾਮਲ ਕਰ ਲਏ। ਉਨ੍ਹਾਂ ਤੋਂ ਸ਼ਹਿਨਸ਼ਾਹ, ਹਜ਼ੂਰ, ਸੱਚਾ ਪਾਤਸ਼ਾਹ, ਰਾਮ, ਅਲਾਹ ਤੇ ਗਾਡ ਅਖਵਾਉਣ ਤੇ ਲਿਖਵਾਉਣ ਲਗ ਪਿਆ।

ਇਸ ਨੇ ਗੁਰੂ ਡੰਮ ਤੇ ਪਖੰਡ ਦੇ ਪ੍ਰਾਪੇਗੰਡੇ ਲਈ ਇਕ ਰਸਾਲਾ 'ਸੰਤਨਿਰੰਕਾਰੀ' ਜਾਰੀ ਕੀਤਾ ਹੈ। 'ਗੁਰੂ ਜਿਨ੍ਹਾਂ ਦੇ ਟਪਣੇ ਚੇਲੇ ਜਾਣ ਛੜਪ' ਦੀ ਕਹਾਵਤ ਅਨੁਸਾਰ 'ਸੰਤ ਨਿਰੰਕਾਰੀ' ਦੇ ਅੰਕ ਮਈ ੧੯੬੪ ਦੇ ਸਫ਼ਾ ੮ ਉਤੇ ਇਕ ਕਵੀ 'ਰਿੰਦ' ਵਲੋਂ ਇਕ ਕਵਿਤਾ

Digitized by Panjab Digital Library | www.panjabdigilib.org

ਛਪੀ ਹੈ, ਜਿਸ ਵਿਚ ਭਾਈ ਅਵਤਾਰ ਸਿੰਘ ਨੂੰ ਅਲਾਹ ਤੇ ਗਾਡ ਦੀ ਤੁਲਤਾ ਦਿਤੀ ਹੈ। ਰਿੰਦ ਲਿਖਦਾ ਹੈ—

'ਅਲਾਹ ਆਪੇ ਮੁੜ ਆਇਆ ਜੇ।
'ਗਾਡ' ਵੀ ਨਾਲ ਲਿਆਇਆ ਜੇ।
'ਰਾਮ' ਵੀ ਇਸ ਦੀ ਬੁਕਲੀਂ ਖੇਲੇ,
ਇਹ ਰੱਬ ਆਪੇ ਹੈ ਆਇਆ।'

ਅਸੀਂ ਰਿੰਦ ਨੂੰ ਪੁਛਦੇ ਹਾਂ ਕਿ ਜੋ ਨਿਰਾਕਾਰ ਆਦਿ ਸਚ ਤੇ ਜੁਗਾਦਿ ਸਚ ਹੈ, ਉਹ ਕਿਥੇ ਚਲਾ ਗਿਆ ਸੀ ਕਿ ਮੁੜ ਕੇ ਆਇਆ ਹੈ? ਉਸ ਕਰਤਾ ਪੁਰਖ ਨੂੰ ਲਿਅ ਉਣ ਵਾਲਾ ਇਹ ਕੌਣ ਹੈ?

ਜਿਸ ਸ਼ਖਸ ਨੇ ਕਦੀ ਮਰ ਜਾਣਾ ਹੈ, ਜੋ ਕਾਮ ਕ੍ਰੋਧ ਦਾ ਪੁਤਲਾ ਹੈ, ਉਸ ਨੂੰ ਅਲਾਹ, ਗਾਡ ਤੇ ਰਾਮ ਨਾਲ ਤੁਲਤਾ ਦੇਣੀ ਪਾਪ ਅਤੇ ਕੁਫਰ ਨਹੀਂ ਤੇ ਹੋਰ ਕੀ ਹੈ?

ਸਭ ਤੋਂ ਪਹਿਲੀ ਗਲ ਇਹ ਹੈ ਕਿ ਨਿਰੰਕਾਰ ਦਾ ਕੋਈ ਉਪਾਸ਼ਕ ਜਾਂ ਮੰਨਣ ਵਾਲਾ ਆਪਣੀ ਪੂਜਾ ਨਹੀਂ ਕਰਵਾ ਸਕਦਾ। ਉਹ ਲੋਕਾਂ ਪਾਸੋਂ ਮਥੇ ਕਿਸ ਤਰਾਂ ਟਿਕਵਾ ਸਕਦਾ ਹੈ? ਤਸਵੀਰਾਂ ਲੁਹਾ ਕੇ ਕੋਠਿਆਂ ਅਗੇ ਕਿਸ ਤਰ੍ਹਾਂ ਲੁਆ ਸਕਦਾ ਹੈ ਜਾਂ ਪਿਛਲਗੂਆਂ ਵਿਚ ਵੰਡ ਸਕਦਾ ਹੈ?

ਕਿਸੇ ਆਦਮੀ ਨੂੰ ਰੱਬ ਨਾਲ ਤੁਲਤਾ ਦੇਣੀ ਵਡੀ ਨਾਸਤਕਤਾ ਹੈ। ਇਕ ਨਾਸਤਕ ਉਹ ਹਨ ਜੋ ਈਸ਼ਵਰ ਨੂੰ ਨਹੀਂ ਮੰਨਦੇ। ਪਰ ਦੂਜੇ ਨਾਸਤਕ ਉਹ ਵੀ ਹਨ ਜੇਹੜੇ ਆਪਣੇ ਆਪ ਨੂੰ ਪਾਰਬ੍ਰਹਮ, ਅਲਾਹ ਜਾਂ ਗਾਡ ਕਹਿੰਦੇ ਹਨ। ਹਰਨਾਕਸ਼, ਫਰਊਨ ਤੇ ਨਮਰੂਦ ਨੂੰ ਅਜ ਤੀਕ ਲੋਕੀਂ ਇਸ ਲਈ ਨਾਸਤਕ ਤੇ ਮਾੜਾ ਕਹਿੰਦੇ ਹਨ ਕਿ ਉਹ ਆਪਣੇ ਆਪ ਨੂੰ ਸਰਬ ਸਮਰਥ ਤੇ ਰੱਬ ਦਸਦੇ ਸਨ।

Digitized by Panjab Digital Library | www.panjabdigilib.org

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਨਿਰੰਕਾਰ ਦੀ ਪੂਜਾ ਦਾ ਉਪਦੇਸ਼ ਕੀਤਾ ਹੈ। ਉਨ੍ਹਾਂ ਦਾ ਫੁਰਮਾਨ ਹੈ-

੧. ਦੂਜਾ ਕਾਹੇ ਸਿਮਰੀਐ ਜੋ ਜੰਮੇ ਤੇ ਮਰ ਜਾਇ ॥
ਏਕੋ ਸਿਮਰੋ ਨਾਨਕਾ ਜੋ ਜਲਥਲ ਰਹਿਆਸਮਾਇ ॥
੨. ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥

(ਵਾਰ ਮਲਾਰ ੨੮)

ਇਸ ਹੁਕਮ ਅਨੁਸਾਰ ਕਿਸੇ ਜੰਮਣ ਮਰਨ ਵਾਲੇ ਨੂੰ ਰੱਬ ਦੀ ਤੁਲਤਾ ਨਹੀਂ ਦਿਤੀ ਜਾ ਸਕਦੀ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਹੈ-

(੧) ਜਨਮ ਮਰਣ ਤੇ ਰਹਤ ਨਾਰਾਇਣ ॥
(੨) ਸੋ ਮੁਖ ਜਲਉ ਜਿਤੁ ਕਹੈ ਠਾਕਰ ਜੋਨੀ ॥

ਭਾਵ-ਸ੍ਰੀ ਵਾਹਿਗੁਰੂ ਜਨਮ ਮਰਨ ਤੋਂ ਰਹਿਤ ਹੈ। ਉਹ ਮੂੰਹ ਸੜ ਜਾਏ, ਜਿਹੜਾ ਕਹਿੰਦਾ ਹੈ ਕਿ ਉਹ ਜੂਨਾਂ ਵਿਚ ਆਉਂਦਾ ਹੈ।

ਦਸਮ ਪਾਤਸ਼ਾਹ ਨੇ ਫੁਰਮਾਇਆ ਹੈ-

(੧) ਬਿਨ ਕਰਤਾਰ ਨਾ ਕਿਰਤਮ ਮਾਨੋ॥ ਆਦਿ ਅਜੋਨ
ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ ॥
(੨) ਜੋ ਹਮ ਕੋ ਪ੍ਰਮੇਸਰ ਉਚਰਿ ਹੈਂ।
ਤੇ ਸਭ ਨਰਕ ਕੁੰਡ ਮਹਿ ਪਰ ਹੈਂ।

(ਬਚਿਤ੍ਰ ਨਾਟਕ ੬-੩੨)

ਇਸ ਵਾਕ ਅਨੁਸਾਰ ਭਾਈ ਅਵਤਾਰ ਸਿੰਘ ਨੂੰ ਰਾਮ, ਗਾਡ ਤੇ ਅਲਾਹ ਕਹਿਣ ਵਾਲੇ ਨਰਕ ਗਾਮੀ ਹੋਣਗੇ।

ਕਹਿੰਦੇ ਹਨ ਕਿ ਲੰਡਨ ਵਿਚ ਇਕ ਵੇਸਵਾ ਨੇ ਆਪਣੇ ਘਰ ਦੇ ਅਗੇ ਮਹਾਤਮਾ ਬੁਧ ਦੀ ਮੂਰਤੀ ਰਖੀ ਹੋਈ ਸੀ। ਉਸ ਨੂੰ ਕਿਸੇ ਨੇ ਪੁਛਿਆ 'ਪਾਪਣੇ! ਮਹਾਤਮਾ ਬੁਧ ਤੇ ਬਹੁਤ ਨੇਕ ਪੁਰਸ਼ ਸਨ, ਤੂੰ ਦੁਰਾਚਾਰੀ ਹੋ ਕੇ ਉਨ੍ਹਾਂ ਦੀ ਮੂਰਤੀ ਬੂਹੇ ਅਗੇ ਕਿਉਂ ਰਖੀ ਹੋਈ ਹੈ?'

Digitized by Panjab Digital Library | www.panjabdigilib.org

ਵੇਸਵਾਂ ਨੇ ਉਤਰ ਦਿਤਾ 'ਮੈਂ ਇਹ ਮੂਰਤੀ ਭਾਰਤੀ ਅਤੇ ਬੋਧੀਆਂ ਨੂੰ ਆਪਣੇ ਜਾਲ ਵਿਚ ਫਸਾਉਣ ਵਾਸਤੇ ਰਖੀ ਹੋਈ ਹੈ।'

ਠੀਕ ਇਹੀ ਪੋਜ਼ੀਸ਼ਨ ਭਾਈ ਅਵਤਾਰ ਸਿੰਘ ਦੀ ਹੈ, ਜੋ ਆਪਣੇ ਗੁਰੂ ਡੰਮ ਤੇ ਪਖੰਡ ਜਾਲ ਵਿਚ ਭੋਲੇ ਭਾਲੇ ਲੋਕਾਂ ਨੂੰ ਫਸਾਉਣ ਲਈ 'ਨਿਰੰਕਾਰ' ਦਾ ਨਾਂ ਵਰਤ ਰਿਹਾ ਹੈ। ਨਾ ਇਹ ਸੰਤ ਹੈ ਨਾ ਨਿਰੰਕਾਰੀ ਹੈ, ਬਲਕਿ ਇਕ ਮਜ਼ਹਬੀ ਠਗ ਹੈ।

ਅਫਸੋਸ ਦੀ ਗੱਲ ਇਹ ਹੈ ਕਿ ਸਿੰਘ ਨਾਂ ਰਖਵਾ ਕੇ ਗੁਰੂ ਦਾ ਰੂਪ ਦਾਹੜੀ ਅਤੇ ਕਸ ਰਖ ਕੇ, ਗੁਰਬਾਣੀ ਦੇ ਸ਼ਬਦ ਪੜ੍ਹ ਕੇ ਤੇ ਪੋਥੀਆਂ ਲੋਕਾਂ ਨੂੰ ਦੇ ਕੇ ਇਹ ਸ਼ਖਸ 'ਨਿਰੰਕਾਰੀ' ਨਾਂ ਨੂੰ ਬਦਨਾਮ ਕਰ ਰਿਹਾ ਹੈ।

ਭਾਈ ਅਵਤਾਰ ਸਿੰਘ ਆਪ ਹੀ ਕੇਵਲ ਅੱਲਾ, ਗਾਡ ਤੇ ਖੁਦਾ ਬਣ ਕੇ ਕੁਫਰ ਨੂੰ ਨਹੀਂ ਪ੍ਰਚਾਰਦਾ, ਬਲਕਿ ਅੰਧ-ਵਿਸ਼ਵਾਸੀ ਚੇਲੇ ਚੇਲੀਆਂ ਤੋਂ ਕੁਟੰਬ ਦੀ ਪੂਜਾ ਵੀ ਕਰਵਾਂਦਾ ਹੈ।

੧੫ ਅਗਸਤ ੧੯੬੪ ਨੂੰ ਕਲਜੁਗੀ ਅਲਾਹ ਤੇ ਗਾਡ ਭਾਈ ਅਵਤਾਰ ਸਿੰਘ ਦੀ ਵਹੁਟੀ ਬੁਧਵੰਤੀ ਦਿਲੀ ਵਿਚ ਗੁਜ਼ਰ ਗਈ। ਉਸ ਨੂੰ ਜਗਤ ਮਾਤਾ ਲਿਖਿਆ ਗਿਆ। ਇਹ ਹਾਸੋ ਹੀਣੀ ਗਲ ਸੀ, ਕਿਉਂਕਿ ਜਗਤ ਨੂੰ ਬਣਿਆਂ ਲਖਾਂ ਸਾਲ ਹੋ ਗਏ ਹਨ ਤੇ ਬੁਧਵੰਤੀ ਕੱਲ ਜੰਮੀ ਤੇ ਅਜ ਮਰ ਗਈ। ਉਸ ਨੇ ਜਗਤ ਲਈ ਕੁਝ ਨਹੀਂ ਕੀਤਾ। ਹਿੰਦੁਸਤਾਨ ਲਈ ਕੁਝ ਨਹੀ ਕੀਤਾ। ਸਰੋਜਨੀ ਨੈਡੋ, ਮਾਤਾ ਕਸਤੂਰਾ ਬਾਈ, ਕਮਲਾ ਨਹਿਰੂ ਦੇ ਮਰਨ ਉਤੇ ਸਾਰੇ ਅਖਬਾਰਾਂ ਨੇ ਉਨ੍ਹਾਂ ਦੇ ਜੀਵਨ ਤੇ ਫੋਟੋ ਛਾਪੇ, ਪਰ ਨਕਲੀ ਨਿਰੰਕਾਰੀ ਦੀ ਵਹੁਟੀ ਦੇ ਮਰਨ ਦਾ ਲੋਕਾਂ ਨੂੰ ਦਿਲੀ ਵਿਚ ਵੀ ਪਤਾ ਨਾ ਲਗਾ। ੭੧ ਅਗਸਤ ੧੯੬੪ ਦੇ ਟਰੀਬਿਊਨ ਸਫਾ ੩ ਕਾਲਮ ੧ ਵਿਚ ਰੁਪਏ ਦੇ ਕੇ ਬੁਧਵੰਤੀ ਦੀ ਮੌਤ ਦਾ ਇਸ਼ਤਿਹਾਰ ਨੰ: ੪੮੭੦ਸੀ. ਤੇ ਫੋਟੋ ਛਪਵਾਈ ਗਈ।

Digitized by Panjab Digital Library | www.panjabdigilib.org

ਨਕਲੀ ਨਿਰੰਕਾਰੀ ਨੇ ਆਪਣੀ ਵਹੁਟੀ ਦਾ ਢੰਡੋਰਾ ਪਿਟਣ ਲਈ ਇਕ ਟਰੈਕਟ 'ਜਗਤ ਮਾਤਾ' ਛਪਵਾਇਆ, ਜਿਸ ਵਿਚ ਬੁਧਵੰਤੀ ਬਾਰੇ ਇਕ ਆਦਮਪ੍ਰਸਤ ਕਵੀ ਨਿਰਮਲ ਜੋਸ਼ੀ ਨੇ ਲਿਖਿਆ—

ਮਰ ਗਈ ਕਹਿਨੇ ਵਾਲੇ ਖ਼ਿਆਲ ਕਰੇਂ,
ਖ਼ੁਦਾ ਕੀ ਬੀਵੀ ਖ਼ੁਦਾ ਕੀ ਮਾਂ ਥੀ ਵੋਹ।

ਅਗਸਤ ੧੯੬੬ ਦੇ ਰਸਾਲਾ ਸੰਤ ਨਿਰੰਕਾਰੀ ਦੇ ਜਗਤ-ਮਾਤਾ ਅੰਕ ਦੇ ਸਫਾ ੩੦ ਉਤੇ ਪਰੋਫੈਸਰ ਜੋਗਿੰਦਰ ਸਿੰਘ ਦਿਲੀ ਦਾ ਇਕ ਲੇਖ ਛਪਿਆ ਹੈ। ਜਿਸ ਵਿਚ ਜੋਸ਼ੀ ਦੇ ਹੀ ਖਿਆਲ ਨੂੰ ਚੁਰਾ ਕੇ ਅੰਕਤ ਕੀਤਾ ਗਿਆ। ਉਸ ਵਿਚ ਲਿਖਿਆ ਹੈ-'ਜਗਤ ਮਾਤਾ ਰੱਬ ਦੀ ਵਹੁਟੀ ਤੇ ਰੱਬ ਦੀ ਮਾਂ ਵੀ ਸੀ।'

ਅੰਧ ਵਿਸ਼ਵਾਸੀ ਨਿਰਮਲ ਜੋਸ਼ੀ ਤੇ ਪਰੋਫੈਸਰ ਜੋਗਿੰਦਰ ਸਿੰਘ ਨੇ ਭਾਈ ਅਵਤਾਰ ਸਿੰਘ ਤੇ ਉਸ ਦੇ ਪੁਤਰ ਭਾਈ ਗੁਰਬਚਨ ਸਿੰਘ ਨੂੰ 'ਖੁਦਾ' ਦਾ ਦਰਜਾ ਦਿਤਾ ਹੈ ਤੇ ਬੁਧਵੰਤੀ ਨੂੰ ਖੁਦਾ ਦੀ ਵਹੁਟੀ ਤੇ ਖੁਦਾ ਦੀ ਮਾਂ ਕਿਹਾ ਹੈ। ਇਹ ਗੱਲ ਫ਼ਿਲਾਸਫ਼ੀ, ਮੰਤਕ, ਅਕਲ, ਦਲੀਲ ਤੇ ਸਾਰੇ ਆਸਤਕ ਮਤਾਂ ਦੇ ਨਿਸਚੇ ਦੇ ਉਲਟ ਹੈ। ਵੇਦ, ਉਪਨਿਸ਼ਦ, ਗੀਤਾ, ਅੰਜੀਲ, ਕੁਰਾਨ ਤੇ ਸ੍ਰੀ ਗੁਰੂ ਗਰੰਥ ਸਾਹਿਬ ਮੰਨਦੇ ਹਨ ਕਿ ਈਸ਼ਵਰ, ਅਲਾਹ, ਗਾਡ ਤੇ ਸ੍ਰੀ ਵਾਹਿਗੁਰੂ ਇਕ ਹੀ ਹੈ। ਉਸ ਦਾ ਕੋਈ ਸਾਨੀ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਉਸ ਨੂੰ ਇਕ ਓਅੰਕਾਰ ਕਹਿੰਦੇ ਹਨ। ਉਨ੍ਹਾਂ ਦਾ ਫੁਰਮਾਨ ਹੈ-

ਏਕੋ ਹੈ ਭਾਈ ਏਕੋ ਹੈ॥ ਸਾਹਿਬ ਮੇਰਾ ਏਕੋ ਹੈ॥

ਪਰ ਨਕਲੀ ਨਿਰੰਕਾਰੀ ਦੇ ਚੇਲੇ ਪਿਉ ਪੁਤਰ ਦੋਹਾਂ ਨੂੰ ਖੁਦਾ ਦਸਦੇ ਹਨ। ਜੇਕਰ ਭਾਈ ਅਵਤਾਰ ਸਿੰਘ ਖੁਦਾ ਹੈ ਤਾਂ ਉਸ ਦਾ ਪਿਉ ਵੀ ਖੁਦਾ ਹੋਣਾ ਚਾਹੀਦਾ ਹੈ। ਦਾਦੇ ਪੜਦਾਦੇ ਵੀ ਖੁਦਾ ਹੋਣੇ ਚਾਹੀਦੇ ਹਨ।

Digitized by Panjab Digital Library | www.panjabdigilib.org

ਸਿਰਜਨਹਾਰ ਆਪਣੀ ਸ਼ਕਤੀ ਨਾਲ ਸ੍ਰਿਸ਼ਟੀ ਬਣਾ ਸਕਦਾ ਹੈ, ਕੋਈ ਆਦਮੀ ਕਰਤਾ ਪੁਰਖ ਨੂੰ ਨਹੀਂ ਬਣਾ ਸਕਦਾ । ਪਰ ਨਕਲੀ ਨਿਰੰਕਾਰੀ ਦੇ ਚੇਲੇ ਪਿਉ ਪੁਤਰ ਦੋਹਾਂ ਨੂੰ ਖੁਦਾ ਬਣਾਈ ਜਾਂਦੇ ਹਨ । ਇਹ ਗੱਲ ਨਿਰੰਕਾਰਵਾਦ ਦੇ ਉਲਟ ਹੈ । ਇਸੇ ਲਈ ਨਿਰੰਕਾਰ ਵਾਦੀ ਕਬੀਰ ਜੀ ਨੇ ਕਿਹਾ ਹੈ-

ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾਕੈ ਮਾਈ ਨ ਬਾਪੋਰੇ ॥

ਜੇ ਭਾਈ ਅਵਤਾਰ ਸਿੰਘ ਤੇ ਉਸ ਦੇ ਪਿਉ ਦਾਦੇ ਨੂੰ ਖੁਦਾ ਮੰਨ ਲਿਆ ਜਾਏ ਤਾਂ ਖੁਦਾਵਾਂ ਦੀ ਲੜੀ ਸ਼ੈਤਾਨ ਦੀ ਆਂਦਰ ਵਾਂਗੂੰ ਅਤੁਟ ਹੋ ਜਾਏਗੀ । ਫਿਰ ਕੇਹੜੇ ੨ ਦੀ ਪੂਜਾ ਕੀਤੀ ਜਾ ਸਕਦੀ ਹੈ । ਜੇ ਦੋ ਖੁਦਾ ਹੋ ਸਕਦੇ ਹਨ ਤਾਂ ਪੰਜ ਦਸ ਜਾਂ ਉਸ ਤੋਂ ਵਧੀਕ ਵੀ ਹੋ ਸਕਦੇ ਹਨ । ਇਸ ਸਿਧਾਂਤ ਨੂੰ ਸੰਸਾਰ ਦਾ ਕੋਈ ਆਸਤਕ ਮਤ ਅਤੇ ਇਕ ਨਿਰੰਕਾਰ ਨੂੰ ਮੰਨਣ ਵਾਲਾ ਪ੍ਰਵਾਨ ਨਹੀਂ ਕਰ ਸਕਦਾ ।

ਨਿਰੰਕਾਰ ਉਹ ਹੈ, ਜਿਸ ਦਾ ਕੋਈ ਆਕਾਰ, ਰੰਗ ਅਤੇ ਰੂਪ ਨਹੀਂ । ਜੋ ਜਨਮ ਮਰਨ ਤੋਂ ਰਹਿਤ ਹੈ । ਉਸ ਨੂੰ ਕਿਸੇ ਅਵਤਾਰਸਿੰਘ ਜਾਂ ਉਸ ਦੇ ਪੁਤਰ ਦੀ ਤੁਲਤਾ ਦੇਣੀ ਭੈੜੀ ਕਿਸਮ ਦੀ ਆਦਮ-ਪ੍ਰਸਤੀ ਹੈ । ਜਿਸ ਦੀ ਸਜ਼ਾ ਸਾਨੂੰ ਗੁਲਾਮੀ, ਤਬਾਹੀ, ਬਰਬਾਦੀ ਅਤੇ ਕੌਮੀ ਇੰਤਸ਼ਾਰ ਦੀ ਸ਼ਕਲ ਵਿਚ ਸਦੀਆਂ ਤੋਂ ਮਿਲਦੀ ਰਹੀ ਹੈ । ਕਰਤਾ ਪੁਰਖ ਦੇ ਬਣਾਏ ਹੋਏ ਕਿਸੇ ਨਾਸਵੰਤ ਬੰਦੇ ਨੂੰ ਅੱਲਾ, ਗਾਡ ਜਾਂ ਖੁਦਾ ਦੀ ਤੁਲਤਾ ਦੇਣੀ ਨਾ ਕੇਵਲ ਨਿਰੰਕਾਰ ਦੀ ਨਿਰਾਦਰੀ ਹੈ, ਬਲਕਿ ਮਾਨਵਤਾ ਦੀ ਵੀ ਨਿਰਾਦਰੀ ਹੈ । ਇਕ ਓਅੰਕਾਰ, ਸਤਿਨਾਮ ਸਤਿ ਕਰਤਾਰ ਤੇ ਸਤਿ ਸ੍ਰੀ ਅਕਾਲ ਦਾ ਪ੍ਰਚਾਰ ਕਰ ਕੇ ਸ੍ਰੀ ਗੁਰੂ ਨਾਨਕ ਦੇਵ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਖਸੀ ਪੂਜਾ ਦਾ ਜੋ ਕੋਹੜ ਕਢਿਆ ਸੀ, ਉਸ ਨੂੰ ਨਕਲੀ ਨਿਰੰਕਾਰੀ ਤੇ ਉਸ ਦਾ ਪੁਤਰ ਸਿਖ ਰੂਪ ਧਾਰ ਕੇ ਫਿਰ ਪਾਉਣਾ ਚਾਹੁੰਦੇ ਹਨ, ਜਿਸ ਤੋਂ ਲੋਕਾਂ ਨੂੰ ਬਚਣਾ ਚਾਹੀਦਾ ਹੈ ।

Digitized by Panjab Digital Library | www.panjabdigilib.org

ਭਾਈ ਅਵਤਾਰ ਸਿੰਘ ਸਿਰਫ ਆਪਣੇ ਆਪ ਨੂੰ ਤੇ ਪੁਤਰ ਨੂੰ ਹੀ ਖੁਦਾ ਨਹੀਂ ਦਸਦਾ, ਬਲਕਿ ਨੂੰਹ ਨੂੰ ਰਾਜ ਮਾਤਾ ਵੀ ਪਰਗਟ ਕਰਦਾ ਹੈ, ਜਦ ਕਿ ਰਜਵਾੜਾਸ਼ਾਹੀ ਹਿੰਦੁਸਤਾਨ ਵਿਚੋਂ ਖਤਮ ਹੋ ਚੁਕੀ ਹੈ।

ਰਸਾਲਾ ਸੰਤ ਨਿਰੰਕਾਰੀ ਜੁਲਾਈ ੧੯੬੫ ਦੇ ਟਾਈਟਲ ਉਤੇ ਨਕਲੀ ਨਿਰੰਕਾਰੀ ਦੇ ਪੁਤਰ ਭਾਈ ਗੁਰਬਚਨ ਸਿੰਘ ਦੀ ਫੋਟੋ ਦਿਤੀ ਗਈ ਹੈ। ਉਸ ਦੇ ਅੰਦਰ ਉਸ ਦੀ ਵਹੁਟੀ ਦੀ ਇਕ ਫੋਟੋ ਹੈ, ਜੋ ਪਹਾੜ ਗੰਜ ਦਿਲੀ ਵਿਚ ਖਿਚਵਾਈ ਗਈ। ਭਾਈ ਅਵਤਾਰ ਸਿੰਘ ਜਿਥੇ ਆਪ ਮੁਕਟਧਾਰੀ ਬਣਦਾ ਹੈ, ਉਥੇ ਨੂੰਹ ਦੇ ਸਿਰ ਤੇ ਵੀ ਸੁਨਹਿਰੀ ਮੁਕਟ ਦਿਖਾਇਆ ਗਿਆ ਹੈ। ਉਸ ਤਸਵੀਰ ਦੇ ਥਲੇ ਲਿਖਿਆ ਹੈ -'ਰਾਜ ਮਾਤਾ ਜੀ ਦੀ ਸੇਵਾ ਵਿਚ ਮਾਨ ਪਤ੍ਰ ਭੇਟਾ ਕੀਤਾ ਜਾ ਰਿਹਾ ਹੈ।'

ਜਿਹੜਾ ਸ਼ਖਸ ਪਾਕਿਸਤਾਨ ਬਣਨ ਤੋਂ ਪਹਿਲੇ ਪਸ਼ਾਵਰ ਵਿਚ ਬਿਸਕੁਟ ਤੇ ਕੁਲਚੇ ਬਨਾਣ ਦੀ ਦੁਕਾਨ ਕਰਦਾ ਸੀ, ਉਸ ਦਾ ਪੁਤਰ ਹਿੰਦੁਸਤਾਨ ਦੀ ਕਿਹੜੀ ਸਟੇਟ ਦਾ ਰਾਜਾ ਬਣ ਗਿਆ ਅਤੇ ਉਸ ਦੀ ਔਰਤ ਕਿਹੜੇ ਰਾਜੇ ਦੀ ਧੀ ਹੈ ਜਿਸ ਕਰਕੇ ਉਸ ਨੂੰ ਰਾਜ ਮਾਤਾ ਲਿਖਿਆ ਜਾਵੇ ?

ਹਕੀਕਤ ਇਹ ਹੈ ਕਿ ਭਾਈ ਅਵਤਾਰ ਸਿੰਘ ਇਕ ਦੰਭੀ ਅਤੇ ਪਾਖੰਡੀ ਇਨਸਾਨ ਹੈ। ਉਹ ਜਿਥੇ ਆਪਣੇ ਲਈ ਅੰਧ ਵਿਸ਼ਵਾਸੀ ਚੇਲੇ ਚੇਲੀਆਂ ਪਾਸੋਂ ਸਚਾ ਪਾਤਸ਼ਾਹ, ਸ਼ਹਿਨਸ਼ਾਹ, ਅਲਾਹ, ਗਾਡ ਤੇ ਖੁਦਾ ਲਿਖਵਾਉਂਦਾ ਹੈ,ਉਥੇ ਆਪਣੀ ਵਹੁਟੀ ਲਈ ਜਗਤ ਮਾਤਾ, ਪੁਤਰ ਲਈ ਸਤਿਗੁਰੂ ਤੇ ਨੂੰਹ ਲਈ ਰਾਜ ਮਾਤਾ ਲਿਖਵਾ ਕੇ ਸ਼ਖਸੀ ਤੇ ਕੁਟੰਬ ਪੂਜਾ ਦਾ ਡਰਾਮਾ ਕਰ ਰਿਹਾ ਹੈ। ਇਹ ਗਲ 'ਜ਼ਾਤ ਦੀ ਕੋਹੜ ਕਿਰਲੀ ਸ਼ਤੀਰਾਂ ਨੂੰ ਜਫੇ' ਵਾਲੀ ਹੈ।

Digitized by Panjab Digital Library | www.panjabdigilib.org

੫.

ਦਰਸ਼ਨਾਂ ਦਾ ਛਲ ਨਾਟਕ

ਭਾਰਤ ਦੇ ਸਤ ਪੁਰਸ਼ਾਂ ਤੇ ਸਾਰੇ ਆਸਤਕ ਮਤਾਂ ਦੇ ਆਗੂਆਂ ਨੇ ਈਸ਼ਵਰ ਦੀ ਪ੍ਰਾਪਤੀ ਲਈ ਪਰੇਮ ਭਗਤੀ, ਆਤਮ ਗਿਆਨ, ਯੋਗ ਅਭਿਆਸ ਅਤੇ ਸ਼ੁਭ ਕਰਮ ਸਾਧਨ ਮੰਨੇ ਹਨ। ਕਈ ਆਤਮ-ਦਰਸੀਆਂ ਨੇ ਕੁਦਰਤ ਵਿਚ ਕਾਦਰ ਨੂੰ ਦੇਖਆ ਹੈ, ਕਿਸੇ ਨੇ ਉਸ ਨੂੰ ਸਰਬ-ਵਿਆਪਕ ਮਹਾਨ ਸ਼ਕਤੀ ਅਤੇ ਕਿਸੇ ਨੇ ਅਟਲ ਨੇਮ ਮੰਨਿਆ ਹੈ। ਪਰ ਸਾਰੇ ਪੁਰਸ਼ਾਂ ਨੇ ਉਸ ਨੂੰ ਅਨੰਤ ਅਗਮ, ਅਪਾਰ, ਅਥਾਹ, ਅਜਨਮ ਤੇ ਸਵਯਮ ਪ੍ਰਕਾਸ਼ ਮੰਨਿਆ ਹੈ। ਗੁਰਬਾਣੀ ਦੇ ਵਾਕ ਹਨ -

(੧) ਸੁਣਿ ਵਡਾ ਆਖੈ ਸਭ ਕੋਇ ॥
ਕੇਵਡ ਵਡਾ ਡੀਠਾ ਹੋਇ ॥ (ਆਸਾ ਮ: ੧)

(੨) ਊਚ ਅਪਾਰ ਬੇਅੰਤ ਸੁਆਮੀ ਕਉਣ ਜਾਣੈ ਗੁਣ ਤੇਰੇ॥

(੩) ਤੂੰ ਬਿਅੰਤ ਹਉ ਮਿਤ ਕਰ ਵਰਨਉ
ਕਿਆ ਜਾਨਾ ਹੋਇ ਕੈਸੋ ਰੇ ॥

ਨਿਰਾਕਾਰ ਸ੍ਰੀ ਵਾਹਿਗੁਰੂ ਬਾਰੇ ਉਪਨਿਸ਼ਦਾਂ ਵਿਚ ਭਾਰਤ ਦੇ ਆਤਮ ਦਰਸੀ ਪੁਰਸ਼ਾਂ ਨੇ ਅਤੇ ਪਾਵਨ ਗੁਰਬਾਣੀ ਵਿਚ 'ਨੇਤਿ ਨੇਤਿ' ਨਹੀਂ ਇਤਨਾ ਨਹੀਂ ਇਤਨਾ, ਕਿਹਾ ਗਿਆ ਹੈ। ਗੀਤਾ ਵਿਚ ਸ੍ਰੀ ਕ੍ਰਿਸ਼ਨ ਜੀ ਨੇ ਕਿਹਾ ਹੈ-

'ਪੰਜ ਭੂਤਕ ਸਰੀਰ ਵਿਚ ਇੰਦਰੀਆਂ ਦੀ ਮਹਾਨਤਾ ਹੈ, ਇੰਦਰੀਆਂ ਤੋਂ ਸੂਖਮ ਮਨ ਹੈ, ਮਨ ਤੋਂ ਪਰੇ ਬੁਧੀ ਹੈ ਅਤੇ

Digitized by Panjab Digital Library | www.panjabdigilib.org

ਬੁਧੀ ਤੋਂ ਪਰੇ ਪਾਰਬ੍ਰਹਮ ਦਾ ਸਰੂਪ ਹੈ।'

ਉਸ ਪਾਰਬ੍ਰਹਮ ਤੇ ਨਿਰਾਕਾਰ ਸ੍ਰੀ ਵਾਹਿਗੁਰੂ ਨੂੰ ਜਿਸ ਪੁਰਸ਼ ਨੇ ਪ੍ਰਾਪਤ ਕੀਤਾ ਹੈ, ਉਸ ਬਾਰੇ ਗੁਰਬਾਣੀ ਦੇ ਵਾਕ ਹਨ–

(੧) ਜਿਨਿ ਹਰਿ ਪਾਇਓ ਤਿਨਹਿ ਛੁਪਾਇਓ ॥

(੨) ਕਹੁ ਕਬੀਰ ਗੂੰਗੇ ਗੁੜ ਖਾਇਆ
ਪੂਛੇ ਤੇ ਕਿਆ ਕਹੀਐ ॥

ਨਿਰਾਕਾਰ ਦੀ ਪ੍ਰਾਪਤੀ ਕਰਨ ਵਾਲਾ ਇਹ ਝੂਠਾ ਢੰਡੋਰਾ ਕਦੀ ਨਹੀਂ ਪਿਟਦਾ ਕਿ 'ਮੈਂ ਦਰਸ਼ਨ ਕਰਵਾ ਸਕਦਾ ਹਾਂ।'

ਜਿਸ ਤਰ੍ਹਾਂ ਮਕੜੀ ਜਾਲਾ ਤਣ ਕੇ ਮਖੀਆਂ ਅਤੇ ਕੀੜਿਆਂ ਨੂੰ ਫਸਾਉਂਦੀ ਹੈ, ਪਾਣੀ ਵਿਚ ਬਗਲਾ ਸਮਾਧੀ ਲਾ ਕੇ ਇਕ ਟੰਗ ਭਾਰ ਖਲੋਤਾ ਹੋਇਆ, ਡਡੀਆਂ ਤੇ ਮਛੀਆਂ ਦਾ ਘਾਤ ਕਰਦਾ ਹੈ, ਇਸੇ ਤਰ੍ਹਾਂ ਨਕਲੀ ਨਿਰੰਕਾਰੀ ਭਾਈ ਅਵਤਾਰ ਸਿੰਘ ਤੇ ਇਸ ਦੇ ਪੁਤਰ ਭਾਈ ਗੁਰਬਚਨ ਸਿੰਘ ਨਿਰੰਕਾਰ ਦੇ ਦਰਸ਼ਨ ਕਰਾਉਣ ਦਾ ਇਕ ਛਲ ਨਾਟਕ ਰਚ ਕੇ ਕਈ ਭੋਲੇ ਲੋਕਾਂ ਨੂੰ ਆਪਣੇ ਗੁਰੂ ਡੰਮ ਦੇ ਜਲ ਵਿਚ ਫਾਹੰਦੇ ਹਨ। ਜਦ ਕੋਈ ਇਨ੍ਹਾਂ ਦੇ ਫੰਧੇ ਵਿਚ ਫਸ ਜਾਵੇ, ਉਸ ਨੂੰ ਕਹਿੰਦੇ ਹਨ–'ਨਿਰੰਕਾਰ ਦੇ ਦਰਸ਼ਨ ਕਰਨੇ ਜੇ ?'

ਭੋਲੇ ਭਾਲੇ ਆਦਮੀ ਤੇ ਬੁਢੀਆਂ ਕਹਿੰਦੀਆਂ ਹਨ–'ਹਾਂ ਜੀ, ਦਰਸ਼ਨ ਕਰਨੇ ਹਨ।'

ਉਸ ਵਕਤ ਭਾਈ ਅਵਤਾਰ ਸਿੰਘ ਇਕ ਹੱਥ ਉਤੇ ਤੇ ਇਕ ਹੱਥ ਥਲੇ ਬਿਲ ਮੁਕਾਬਲ ਰਖ ਕੇ ਕਹਿੰਦਾ ਹੈ 'ਵਿਚ ਤਕੋ।'

ਭੁਲੜ ਆਦਮੀ ਦੋਹਾਂ ਹੱਥਾਂ ਦੀ ਵਿਥ ਦੇ ਵਿਚਕਾਰ ਵੇਖਦੇ ਹਨ। ਫਿਰ ਇਹ ਛਲੀਆ ਕਹਿੰਦਾ ਹੈ–'ਬੱਸ ਏਹੀ ਨਿਰੰਕਾਰ ਜੇ।'

ਸੰਤ ਮਘਰ ਸਿੰਘ ਜੀ ਲਾਡੋਵਾਲੀ ਰੋਡ ਜਲੰਧਰ ਨੇ ਦਸਿਆ ਹੈ ਕਿ ਮੈਂ ਨਕਲੀ ਨਿਰੰਕਾਰੀ ਨੂੰ ਦਿਲੀ ਵਿਚ ਮਿਲਿਆ। ਉਸ ਵਕਤ ਉਹ ਰਾਸਧਾਰੀਆਂ ਵਾਂਗੂ ਸੁਨਹਿਰੀ ਮੁਕਟ ਲਾ ਕੇ ਮੰਜੇ ਤੇ

Digitized by Panjab Digital Library | www.panjabdigilib.org

ਬੈਠਾ ਹੋਇਆ ਸੀ। ਮੈਨੂੰ ਕਹਿਣ ਲਗਾ—'ਨਿਰੰਕਾਰ ਦੇ ਦਰਸ਼ਨ ਕਰਨੇ ਜੇ ?'

ਮੈਂ ਕਿਹਾ-'ਜੀ, ਕਰਨੇ ਹਨ। ਪਰ ਮੈਨੂੰ ਨਿਰਾਕਾਰ ਦੇ ਦਰਸ਼ਨ ਪਿਛੋਂ ਕਰਾਇਓ, ਪਹਿਲੋਂ ਇਹ ਦਸੋ ਕਿ ਮਨੁਖ ਦੇ ਵਿਚਾਰਾਂ ਤੇ ਫੁਰਨਿਆਂ ਦਾ ਜੋ ਸੋਮਾ ਮਨ ਹੈ ਉਸ ਦਾ ਕੀ ਸਰੂਪ ਹੈ ? ਉਹ ਕਿੰਨਾ ਲੰਮਾ ਚੌੜਾ ਹੈ ? ਸਰੀਰ ਦੇ ਕਿਹੜੇ ਅੰਗ ਵਿਚ ਵਸਦਾ ਹੈ ? ਸਾਰੇ ਸਤ ਪੁਰਸ਼ ਕਹਿੰਦੇ ਹਨ ਕਿ 'ਮਨ ਨੂੰ ਜਿਤੋ'। ਗੁਰਬਾਣੀ ਦਾ ਵਾਕ ਹੈ ਮਨ ਤੂੰ ਜੋਤਿ ਸਰੂਪ ਹੈਂ ਆਪਣਾ ਮੂਲ ਪਛਾਣ ॥'

ਨਕਲੀ ਨਿਰੰਕਾਰੀ ਨੂੰ ਮੇਰੇ ਇਸ ਪ੍ਰਸ਼ਨ ਦਾ ਕੋਈ ਜਵਾਬ ਨਾ ਸੁਝਿਆ ਤੇ ਲਗਾ ਬੇਤੁਕੀਆਂ ਗਲਾਂ ਕਰਨ।

ਸੰਤ ਮਘਰ ਸਿੰਘ ਜੀ ਕਹਿੰਦੇ ਹਨ ਕਿ ਮੈਂ ਭਾਈ ਅਵਤਾਰ ਸਿੰਘ ਨੂੰ ਕਿਹਾ 'ਤੁਸੀਂ ਛੋਟੇ ਜੇਹੇ ਮਨ ਦਾ ਸਰੂਪ ਤੇ ਉਸ ਦੀ ਹਾਲਤ ਬਿਆਨ ਨਹੀਂ ਕਰ ਸਕਦੇ,ਸਾਨੂੰ ਨਿਰੰਕਾਰ ਦੇ ਕੀ ਦਰਸ਼ਨ ਕਰਾਉਣੇ ਹਨ ?' ਇਹ ਕਹਿਕੇ ਮੈਂ ਤੁਰ ਆਇਆ।

ਸ: ਗੁਰਦੇਵ ਸਿੰਘ ਲੁਧਿਆਣਾ ਨੇ ਦਸਿਆ ਹੈ ਕਿ ਨਕਲੀ ਨਿਰੰਕਾਰੀ ਦੇ ਜਾਲ ਵਿਚ ਫਸੇ ਹੋਏ ਕਈ ਆਦਮੀ ਤੇ ਔਰਤਾਂ ਪਿਛਲੇ ਸਾਲ ਲੁਧਿਆਣੇ ਦੇ ਬਾਜ਼ਾਰਾਂ ਵਿਚ ਰੌਲਾ ਪਾਈ ਜਾਣ—

'ਆਓ ਕਿਸੇ ਰੱਬ ਵੇਖਣਾ।'

ਇਨ੍ਹਾਂ ਦੀ ਇਸ ਹਾਲਤ ਨੂੰ ਵੇਖ ਕੇ ਲੋਕੀਂ ਹਸਦੇ ਹਨ।

ਨਕਲੀ ਨਿਰੰਕਾਰੀ ਤੇ ਉਸ ਦਾ ਪੁਤਰ ਗੁਰੂ-ਡੰਮ ਦੇ ਜਾਲ ਵਿਚ ਫਸੇ ਹੋਏ ਲੋਕਾਂ ਨੂੰ ਦਰਸ਼ਨ ਤਾਂ ਆਪਣਾ ਹੀ ਕਰਾਉਂਦੇ ਹਨ ਪਰ ਆੜ ਨਿਰੰਕਾਰ ਦੀ ਲੈਂਦੇ ਹਨ। ਇਹ ਨਹੀਂ ਸਮਝਦੇ ਕਿ ਜੋ ਨਿਰਾਕਾਰ ਹੈ, ਜਿਸ ਦਾ ਕੋਈ ਚਕਰ ਚਿਹਨ ਤੇ ਰੰਗ ਰੂਪ ਨਹੀਂ, ਉਸ ਦਾ ਦਰਸ਼ਨ ਇਕ ਤੁਛ ਇਨਸਾਨ ਕਿਸੇ ਨੂੰ ਕੀ ਕਰਾ ਸਕਦਾ ਹੈ ?

Digitized by Panjab Digital Library | www.panjabdigilib.org

ਡਾਕਟਰ ਸਰਬ ਸਿੰਘ ਜੀ ਰਾਵਲਪਿੰਡੀ ਹਾਲ ਪਟਿਆਲਾ ਨੇ ਦਸਿਆ ਕਿ ਇਕ ਵਾਰ ਅਸੀਂ ਕੋਹਮਰੀ ਵਿਚ ਕੀਰਤਨ ਕਰਨ ਲਈ ਗਏ। ਉਥੇ ਨਕਲੀ ਨਿਰੰਕਾਰੀ ਦਾ ਸ਼ਰਾਬੀ ਗੁਰੂ ਭਾਈ ਬੂਟਾ ਸਿੰਘ ਮਿਲ ਪਿਆ। ਉਹ ਸਾਨੂੰ ਕਹਿਣ ਲਗਾ–'ਨਿਰਾਕਾਰ ਦੇ ਦਰਸ਼ਨ ਕਰਨੇ ਜੇ ?'

ਅਸੀਂ ਕਿਹਾ-'ਜੀ ਕਰਨੇ ਹਨ।'

ਬੂਟਾ ਸਿੰਘ ਕਹਿਣ ਲਗਾ–'ਸਮਾਧੀ ਲਾਓ।'

ਅਸੀਂ ਸਮਾਧੀ ਲਾ ਲਈ। ਉਹ ਵੀ ਅੱਖਾਂ ਮੀਟ ਕੇ ਬਹਿ ਗਿਆ। ਕੁਝ ਚਿਰ ਪਿਛੋਂ ਅਖਾਂ ਖੋਹਲ ਕੇ ਕਹਿਣ ਲਗਾ-'ਮੇਰੇ ਵਲ ਤਕੋ।'

ਅਸੀਂ ਉਸ ਵਲ ਤਕਿਆ। ਭਾਈ ਬੂਟਾ ਸਿੰਘ ਇਕ ਹੱਥ ਉਤਾਂਹ ਤੇ ਇਕ ਹਥ ਥਲੇ ਬਿਲਮੁਕਾਬਲ ਕਰਕੇ ਕਹਿਣ ਲਗਾ– 'ਇਸ ਦੇ ਵਿਚ ਵੇਖੋ ਕੀ ਹੈ ?'

ਅਸੀਂ ਕਿਹਾ-'ਪੁਲਾੜ ਹੈ, ਜਿਸ ਵਿਚ ਕੁਝ ਨਹੀਂ।'

ਉਹ ਤਾੜੀ ਮਾਰ ਕੇ ਕਹਿਣ ਲਗਾ-'ਬੱਸ ਇਹੋ ਹੀ ਨਿਰੰਕਾਰ ਜੇ।'

ਨਕਲੀ ਨਿਰੰਕਾਰੀ ਅਤੇ ਉਸ ਦਾ ਪੁਤਰ ਭਾਈ ਬੂਟਾ ਸਿੰਘ ਦੇ ਉਸ ਵਾਕ ਛਲ ਜ ਦਰਸ਼ਨਾਂ ਦੇ ਛਲ ਨਾਟਕ ਦੀ ਨਕਲ ਕਰਦੇ ਹਨ। ਦੋ ਹਥਾਂ ਦੀ ਪੜੋਪੀ ਬਣਾ ਕੇ, ਉਸ ਦੇ ਵਿਚਕਾਰ ਨਿਰੰਕਾਰ ਦੇ ਦਰਸ਼ਨ ਬਿਆਨ ਕਰਨੇ ਨਾ ਕਿਸੇ ਮਜ਼ਬ ਦੀ ਮਨੌਤ ਹੈ, ਨਾ ਫਿਲਾਸਫੀ ਤੇ ਨਾ ਅਕਲ ਦਲੀਲ ਦੀ ਗਲ ਹੈ। ਨਾ ਹੀ ਇਹ ਸਾਇੰਸ ਦੀ ਕਸਵਟੀ ਤੇ ਟਿਕ ਸਕਦੀ ਹੈ।

ਪਹਿਲੀ ਗੱਲ ਇਹ ਹੈ ਕਿ ਨਿਰਾਕਾਰ ਸ੍ਰੀ ਵਾਹਿਗੁਰੂ ਨੂੰ ਕੋਈ ਆਦਮੀ ਆਪਣੇ ਦੋ ਹਥਾਂ ਦੇ ਵਿਚਕਾਰ ਦਸੇ, ਬਿਲਕੁਲ ਹਾਸੋਹੀਣੀ ਗਲ ਹੈ। ਜਿਹੜਾ ਨਿਰੰਕਾਰ ਇਕ ਸਰਬ ਵਿਆਪਕ ਸ਼ਕਤੀ ਦੇ ਰੂਪ

Digitized by Panjab Digital Library | www.panjabdigilib.org

ਵਿਚ ਖੰਡਾਂ ਬ੍ਰਹਿਮੰਡਾਂ ਅਤੇ ਸੁਖਮਨੀ ਸਾਹਿਬ ਦੇ ਮੁਤਾਬਿਕ—

ਵਣ ਤ੍ਰਿਣ ਪਰਬਤ ਹੈ ਪਾਰਬ੍ਰਹਮ ॥

ਭਾਵ-ਜ਼ਰੇ ਜ਼ਰੇ ਵਿਚ ਵਿਆਪਕ ਹੈ, ਉਸ ਨੂੰ ਕਿਸੇ ਇਨ-ਸਾਨ ਦੇ ਦੋ ਹਥਾਂ ਵਿਚ ਸੀਮਤ ਦਸਣਾ, ਪਰਲੇ ਦਰਜੇ ਦੀ ਮੂਰਖਤਾ ਤੇ ਹਾਸੋਹੀਣੀ ਗਲ ਹੈ।

ਦੂਜੀ ਗਲ ਇਹ ਕਿ ਦੋ ਹਥਾਂ ਦੇ ਵਿਚਕਾਰ ਜੋ ਵਿਥ ਹੁੰਦੀ ਹੈ ਜਾਂ ਧਰਤੀ ਦੇ ਆਲੇ ਦੁਆਲੇ ਜੋ ਪੁਲਾੜ ਹੈ, ਉਸ ਨੂੰ ਹਿੰਦੁਸਤਾਨ ਦੇ ਰਿਸ਼ੀਆਂ ਨੇ ਅਕਾਸ਼ ਮੰਨਿਆ ਹੈ। ਭਾਰਤੀ ਦਰਸ਼ਨਾਂ ਵਿਚ ਪੌਣ, ਪਾਣੀ, ਅਗਨੀ, ਪ੍ਰਿਥਵੀ ਅਤੇ ਆਕਾਸ਼ ਪੰਜ ਤੱਤ ਮੰਨੇ ਗਏ ਹਨ। ਸਾਡੇ ਫਿਲਾਸਫਰਾਂ ਨੇ ਦੋ ਕਿਸਮ ਦੇ ਤੱਤ ਮੰਨੇ ਹਨ-ਇਕ ਸੂਖਸ਼ਮ ਦੂਸਰੇ ਸਥੂਲ। ਸਰੀਰ ਉਪਰੋਕਤ ਪੰਜਾਂ ਤੱਤਾਂ ਤੋਂ ਬਣਿਆ ਹੈ। ਇਨ੍ਹਾਂ ਨੂੰ ਸਥੂਲ ਤਤ ਮੰਨਿਆ ਜਾਂਦਾ ਹੈ। ਸ਼ਾਸਤਰਾਂ ਵਿਚ'ਸ਼ਬਦ'ਅਕਾਸ਼ ਦਾ ਗੁਣ ਮੰਨਿਆ ਗਿਆ ਹੈ। ਨਿਰਾਕਾਰ ਪਰ-ਮਾਤਮਾ ਜਾਂ ਸ੍ਰੀ ਵਾਹਿਗੁਰੂ ਨੂੰ ਭਾਰਤ ਦੇ ਬ੍ਰਹਮ ਰਿਸ਼ੀਆ ਨੇ ਸੂਖਸ਼ਮ ਤੇ ਸਥੂਲ ਤੱਤਾਂ ਤੋਂ ਪਰੇ ਮੰਨਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਾਕ ਹੈ-

ਤੈਸੇ ਵਿਸਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ
ਤਾਹੀ ਤੇ ਉਪਜ ਸਭ ਤਾਹੀਂ ਮੇਂ ਸਮਾਏਂਗੇ।

ਭਾਵ-ਸੂਖਸ਼ਮ ਤੇ ਸਥੂਲ ਤੱਤ ਨਿਰਾਕਾਰ ਸ੍ਰੀ ਵਾਹਿਗੁਰੂ ਦੇ ਫੁਰਨੇ ਨਾਲ ਬਣੇ ਹਨ ਤੇ ਉਸ ਵਿਚ ਲੀਨ ਹੋ ਜਾਂਦੇ ਹਨ।

ਨਵੀਨ ਸਾਇੰਸ ਦੀ ਖੋਜ ਦਸਦੀ ਹੈ ਕਿ ਸਮੁੰਦਰ ਵਾਂਗ ਅਕਾਸ਼ ਵਿਚ ਵੀ ਅਨਗਿਣਤ ਤੱਤ ਮੌਜੂਦ ਹਨ, ਜਿਨ੍ਹਾਂ ਦੀ ਇਸ ਵਕਤ ਖੋਜ ਹੋ ਰਹੀ ਹੈ। ਦੋ ਹਥਾਂ ਦੇ ਪੁਲਾੜ ਵਿਚ ਨਿਰੰਕਾਰ ਸੀਮਤ ਨਹੀਂ, ਬਲਕਿ ਕਈ ਤਰ੍ਹਾਂ ਦੇ ਅਣੂ ਪ੍ਰਮਾਣੂ ਅਤੇ ਗੈਸਾਂ ਮਿਲਦੀਆਂ ਹਨ। ਨਕਲੀ ਨਿਰੰਕਾਰੀ ਦੇ 'ਕਲਪਤ ਦਰਸ਼ਨ'ਸਾਇੰਸ ਦੇ ਉਲਟ ਵੀ ਹਨ।

Digitized by Panjab Digital Library | www.panjabdigilib.org

ਜੇ ਦੋ ਹਥਾਂ ਦੇ ਪੁਲਾੜ ਵਿਚਕਾਰ ਵੇਖਣ ਨਾਲ ਹੀ ਨਿਰੰਕਾਰ ਦੇ ਦਰਸ਼ਨ ਹੁੰਦੇ ਹਨ ਤਾਂ ਹਰ ਇਕ ਆਦਮੀ ਆਪਣੇ ਹਥਾਂ ਚੋਂ ਰੋਜ਼ ਦਰਸ਼ਨ ਕਰ ਸਕਦਾ ਹੈ। ਭਾਈ ਅਵਤਾਰ ਸਿੰਘ ਤੇ ਉਸ ਦੇ ਪੁਤਰ ਦੇ ਗੁਰੂ ਡੰਮ ਦੀ ਕੀ ਲੋੜ ਹੈ ?

ਨਕਲੀ ਨਿਰੰਕਾਰੀ ਹਥਾਂ ਦੀ ਪੜ੍ਹੋਪੀ ਬਣਾ ਕੇ ਜਾਂ ਬੀਮਾ ਕੰਪਨੀ ਵਾਲਿਆਂ ਦੇ ਇਸ਼ਤਿਹਾਰ ਦੀ ਨਕਲ ਕਰਕੇ, ਜਿਸ ਵਿਚ ਦੋ ਹਥਾਂ ਵਿਚ ਇਕ ਦੀਵਾ ਜਿਹਾ ਜਗਾਇਆ ਹੈ, ਨਿਰੰਕਾਰ ਦੇ ਦਰਸ਼ਨਾਂ ਦਾ ਜੋ ਡਰਾਮਾ ਕਰਦਾ ਹੈ, ਬੇਦਲੀਲੀ ਤੇ ਹਾਸੋਹੀਣੀ ਗਲ ਹੈ। ਕੋਈ ਪੰਛੀ ਉਡਾਰੀ ਮਾਰ ਕੇ ਆਕਾਸ਼ ਦਾ ਪਾਰਾਵਾਰ ਨਹੀਂ ਪਾ ਸਕਦਾ। ਕੋਈ ਬੂੰਦ ਸਾਗਰ ਨੂੰ ਆਪਣੇ ਵਿਚ ਨਹੀਂ ਸਮਾ ਸਕਦੀ। ਇਸ ਤਰ੍ਹਾਂ ਕੋਈ ਨਾਸ਼ਵੰਤ, ਕਾਮੀ ਕ੍ਰੋਧੀ ਮਨੁਖ ਨਿਰਾਕਾਰ ਸ੍ਰੀ ਵਾਹਿਗੁਰੂ ਨੂੰ ਆਪਣੇ ਦੋ ਹਥ ਵਿਚ ਸੀਮਤ ਨਹੀਂ ਕਰ ਸਕਦਾ।

ਅਫਸੋਸ ਦੀ ਗਲ ਇਹ ਹੈ ਕਿ ਇਸ ਦੇ ਪਖੰਡ ਜਾਲ ਵਿਚ ਫਸੇ ਹੋਏ ਆਦਮ ਪ੍ਰਸਤ ਬੰਦੇ ਤੇ ਬੁਢੀਆਂ ਇਸ ਦੇ ਆਲੇ ਦੁਆਲੇ ਬਹਿ ਕੇ, ਢੋਲਕੀਆ ਛੈਣ ਵਜਾ ਕੇ ਇਹ ਮਨਘੜਤ ਟਪਾ ਪੜ੍ਹਦੇ ਹਨ 'ਇਹਦੀਆਂ ਤਲੀਆਂ ਵਿਚ ਰਬ ਵਸਦਾ।' ਉਨ੍ਹਾਂ ਦੀ ਇਹ ਗੱਲ ਇਸ ਲਈ ਵੀ ਹਾਸੋਹੀਣੀ ਤੇ ਬੇਦਲੀਲੀ ਹੈ ਕਿ ਇਕ ਪਾਸੇ ਉਹ ਭਾਈ ਅਵਤਾਰ ਸਿੰਘ ਤੇ ਉਸ ਦੇ ਪੁਤਰ ਨੂੰ ਅਲਾਹ, ਗਾਡ ਤੇ ਖੁਦਾ ਕਹਿੰਦੇ ਹਨ ਤੇ ਦੂਜੇ ਪਾਸੇ ਕਹੀ ਜਾਂਦੇ ਹਨ ਕਿ 'ਇਹਦੀਆਂ ਤਲੀਆਂ ਵਿਚ ਰਬ ਵਸਦਾ।' ਇਸ ਦਾ ਮਤਲਬ ਹੈ ਕਿ ਰੱਬ ਹੋਰ ਹੈ ਤੇ ਭਾਈ ਅਵਤਾਰ ਸਿੰਘ ਹੋਰ ਹੈ। ਸਵਾਲ ਹੈ ਕਿ ਰਬ ਭਾਈ ਅਵਤਾਰ ਸਿੰਘ ਦੀਆਂ ਅਖਾਂ, ਨਕ, ਕੰਨਾਂ ਤੇ ਮੂੰਹ ਵਿਚ ਕਿਉਂ ਨਹੀਂ ਵਸਦਾ ? ਜਿਸ ਇਨਸਾਨ ਨੇ ਕੱਲ ਮਰ ਜਾਣਾ ਹੈ, ਜਿਸਦੀਆਂ ਤਲੀਆਂ ਫੂਕੀਆਂ ਜਾਣੀਆਂ ਹਨ, ਉਸ ਵਿਚ ਰਬ ਵਸਦਾ ਕਹਿਣਾ ਭਾਰੀ ਮਨਮਤ ਤੇ ਜਹਾਲਤ ਦਾ ਸਬੂਤ ਹੈ।

Digitized by Panjab Digital Library | www.panjabdigilib.org

ਮਜ਼ਹਬ ਦੇ ਨਾਂ ਪਰ ਠਗੀ ਮਾਰਨ ਵਾਲੇ ਪਖੰਡੀ ਹਰ ਜ਼ਮਾਨੇ ਵਿਚ ਹੋਏ ਹਨ। ਜਨਮਸਾਖੀ ਵਿਚ ਲਿਖਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਇਕ ਪਖੰਡੀ ਜੋਗੀ ਮਿਲਿਆ, ਜੇਹੜਾ ਬ੍ਰਹਮ ਲੋਕ ਦੇ ਝੂਠੇ ਦਰਸ਼ਨ ਕਰਾਉਣ ਦੀ ਆੜ ਵਿਚ ਲੋਕਾਂ ਨੂੰ ਠਗਦਾ ਸੀ। ਗੁਰੂ ਸਾਹਿਬ ਨੇ ਉਸ ਨੂੰ ਕਿਹਾ, 'ਨਾਥ ਜੀ, ਸਾਨੂੰ ਵੀ ਸਮਾਧੀ ਲਾ ਕੇ ਕੋਈ ਖਬਰ ਦਸੋ।' ਜੋਗੀ ਨੇ ਸਮਾਧੀ ਲਾਈ। ਗੁਰੂ ਸਾਹਿਬ ਨੇ ਮਰਦਾਨੇ ਪਾਸੋਂ ਜੋਗੀ ਦਾ ਪੈਸਿਆਂ ਵਾਲਾ ਲੋਟਾ ਚੁਕਾ ਕੇ ਪਿਛੇ ਰਖਵਾ ਦਿਤਾ। ਜੋਗੀ ਨੇ ਸਮਾਧੀ ਖੋਹਲੀ। ਬ੍ਰਹਮ ਲੋਕ ਦੀਆਂ ਕਲਪਤ ਗਲਾਂ ਦਸਣ ਲਗਾ। ਗੁਰੂ ਸਾਹਿਬ ਨੇ ਉਸ ਨੂੰ ਕਿਹਾ 'ਇਹ ਦਸੋ, ਤੁਹਾਡਾ ਪੈਸਿਆਂ ਵਾਲਾ ਲੋਟਾ ਕਿਥੇ ਹੈ? ਪਖੰਡੀ ਨਾਥ ਠਠੰਬਰ ਗਿਆ। ਉਸ ਨੂੰ ਕੋਈ ਉਤਰ ਨਾ ਆਇਆ। ਉਸ ਵਕਤ ਗੁਰੂ ਸਾਹਿਬ ਨੇ ਇਹ ਸ਼ਬਦ ਉਚਾਰਨ ਕੀਤਾ-

ਕਾਲ ਨਾਹੀ ਜੋਗ ਨਾਹੀ ਨਾਹੀ ਸਤੁ ਕਾ ਢਬੁ ॥
ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ ॥
ਕਲ ਮਹਿ ਰਾਮ ਨਾਮੁ ਸਾਰ ॥ ਅਖੀ ਤ ਮੀਟਹਿ
ਨਾਕ ਪਕੜਹਿ ਠਗਣ ਕਉ ਸੰਸਾਰ ।। ਰਹਾਉ ॥ ਆਂਟ
ਸੇਤੀ ਨਾਕ ਪਕੜਹਿ ਸੂਝਤੇ ਤਿਨਿ ਲੋਅ ॥ ਮਗਰ
ਪਾਛੈ ਕਛੁ ਨ ਸੂਝੈ ਇਹੁ ਪਦਮੁ ਅਲੋਅ ॥

ਨਕਲੀ ਨਿਰੰਕਾਰੀ ਦੀ ਹਾਲਤ ਵੀ ਉਸ ਜੋਗੀ ਵਰਗੀ ਹੈ।

ਕਹਿੰਦੇ ਹਨ ਇਕ ਲੜਕਾ ਆਪਣੇ ਪਿਤਾ ਦੇ ਫੁਲ ਲੈ ਕੇ ਹਰਦਵਾਰ ਗਿਆ। ਪਰ ਰਾਹ ਵਿਚ ਹੀ ਸੁਚ ਆਇਆ। ਉਸ ਨੂੰ ਉਸ ਦੀ ਮਾਂ ਨੇ ਜੇਹੜੇ ਪੈਸੇ ਦਿਤੇ ਸਨ, ਉਹ ਖਾ ਪੀ ਲਏ। ਮਾਈ ਨੂੰ ਸ਼ੱਕ ਪੈ ਗਿਆ ਕਿ ਮੁੰਡਾ ਹਰਦਵਾਰ ਨਹੀਂ ਗਿਆ। ਇਕ ਦਿਨ ਮੁੰਡੇ ਨੂੰ ਕਹਿਣ ਲਗੀ-'ਤੂ ਹਰਿ ਕੀ ਪੌੜੀ ਤੇ ਫੁਲ ਪ੍ਰਵਾਹੇ ਹਨ?'

ਮੁੰਡੇ ਨੇ ਕਿਹਾ-'ਹਾਂ, ਉਥੇ ਇਕ ਹੀ ਪੌੜੀ ਤੇ ਨਹੀਂ ਸੀ,

Digitized by Panjab Digital Library | www.panjabdigilib.org

ਸੈਂਕੜੇ ਪੌੜੀਆਂ ਸਨ।'

ਮਾਂ ਨੇ ਕਿਹਾ-'ਲਛਮਣ ਝੂਲਾ (ਇਕ ਪੁਲ) ਤੇ ਭੀਮ ਗੋਡਾ ਵੇਖਿਆ ਈ?'

ਖਚਰਾ ਮੁੰਡਾ ਕਹਿਣ ਲਗਾ-'ਹਾਂ, ਉਥੇ ਕੁੜੀਆਂ ਝੂਲਾ ਝੂਲਦੀਆਂ ਸਨ ਤੇ ਇਕ ਵਡਾ ਸਾਡਾ ਗੋਡਾ ਭੀਂ ਭੀਂ ਕਰ ਰਿਹਾ ਸੀ।'

ਮਾਈ ਨੂੰ ਇਹ ਗੱਲਾਂ ਸੁਣ ਕੇ ਨਿਸਚਾ ਹੋ ਗਿਆ ਕਿ ਮੁੰਡਾ ਹਰਦਵਾਰ ਨਹੀਂ ਗਿਆ। ਕੁਝ ਦਿਨ ਬੀਤ ਗਏ। ਮਾਈ ਪੁਤਰ ਨੂੰ ਕਹਿਣ ਲਗੀ-'ਕਾਕਾ, ਤੇਰੇ ਪਿਤਾ ਜੀ ਸੁਪਨੇ ਵਿਚ ਆਏ ਸਨ। ਉਹ ਕਹਿੰਦੇ ਸਨ ਕਿ ਕਾਕਾ ਸਾਡੇ ਫੁਲ ਰਾਹ ਵਿਚ ਹੀ ਸੁਟ ਆਇਆ ਹੈ, ਹਰਦਵਾਰ ਨਹੀਂ ਪਾਏ।'

ਮੁੰਡੇ ਨੇ ਕਿਹਾ 'ਪਿਤਾ ਜੀ ਤੈਨੂੰ ਦਸਣ ਲਈ ਜਿੰਨਾ ਉਰੇ ਆਏ ਸਨ, ਉਤਨਾ ਪਰੇ ਚਲੇ ਜਾਂਦੇ ਤਾਂ ਹਰਦਵਾਰ ਪੁਜ ਜਾਂਦੇ।'

ਇਹੀ ਪੋਜ਼ੀਸ਼ਨ ਨਕਲੀ ਨਿਰੰਕਾਰੀ ਦੇ ਦਰਸ਼ਨਾਂ ਦੀ ਹੈ।

ਭਾਈ ਅਵਤਾਰ ਸਿੰਘ ਨੇ ਆਪਣੇ ਜੀਵਨ ਦੀ ਇਕ ਘਟਨਾ ਬਿਆਨ ਕਰਦੇ ਹੋਏ ਕਿਹਾ-'ਸਾਧ ਸੰਗਤ ਅਸੀਂ ਇਕ ਵਾਰ ਇਕ ਜਗ੍ਹਾ ਗਏ। ਇਹ ਜਗ੍ਹਾ ਰਾਵਲਪਿੰਡੀ ਤੋਂ ੪੦ਕੁ ਮੀਲ ਸੀ। ਉਥੇ ਨਾਖਾਂ ਵੇਖੀਆਂ। ਸੋਚਿਆ ਚਲੋ ਇਥੋਂ ਕੁਝ ਲੈ ਚਲੋ। ਨਾਖਾਂ ਦੇ ਟੋਕਰੇ ਭਰਵਾ ਲਏ। ਜਦ ਅਸੀਂ ਨਾਖਾਂ ਲੈ ਕੇ ਘਰ ਆਏ ਤਾਂ ਫਿਰ ਆਪਣੇ ਰਿਸ਼ਤੇਦਾਰਾਂ ਦੋਸਤਾਂ ਨੂੰ ਵੰਡ ਦਿਤੀਆਂ ਗਈਆਂ। ਜੋ ਭੀ ਨਾਖ ਕਟਣ, ਉਸ ਵਿਚੋਂ ਕੀੜੇ ਨਿਕਲਣ। ਸਾਰੇ ਚੁਕ ਚੁਕ ਕੇ ਵਾਪਸ ਦੇ ਗਏ ਸੋਚਿਆ ਅਸਾਂ ਇਹ ਕੀ ਵਪਾਰ ਕੀਤਾ। ਨਾਲੇ ਸ਼ਰਮਿੰਦੇ ਹੋਏ, ਨਾਲੇ ਪੈਸੇ ਪੁਟੇ ਤੇ ਨਾਲੇ ਭਾਰ ਚੁਕਿਆ।'(ਸੰਤ ਨਿਰੰਕਾਰੀ ਜੂਨ ੧੯੬੪)

ਜਿਸ ਨੂੰ ਟੋਕਰਿਆਂ ਵਿਚ ਪਈਆਂ ਨਾਖਾਂਦਾ ਗਿਆਨ ਨਹੀਂ, ਉਹ ਲੋਕਾਂ ਨੂੰ ਨਿਰੰਕਾਰ ਦੇ ਦਰਸ਼ਨ ਕਰਾਵੇ, ਇਸ ਤੋਂ ਵਧ ਕੇ ਫ਼ਰਾਡ ਹੋ ਨਹੀਂ ਸਕਦਾ।

Digitized by Panjab Digital Library | www.panjabdigilib.org

੬.

ਗੁਰਬਾਣੀ ਤੋਂ ਅਨਜਾਣ

ਪਿਛੇ ਅਸੀਂ ਦਸ ਆਏ ਹਾਂ ਕਿ ਨਕਲੀ ਨਿਰੰਕਾਰੀ ਭਾਈ ਅਵਤਾਰ ਸਿੰਘ ਮਜ਼ਹਬ, ਫਿਲਾਸਫੀ ਤੇ ਗੁਰਬਾਣੀ ਸੰਬੰਧੀ ਬਿਲਕੁਲ ਕੁਝ ਨਹੀਂ ਜਾਣਦਾ। ਇਹ ਨਿਰ-ਅਖਰ ਭਟਾਚਾਰਯ ਗੁਰਬਾਣੀ ਦੇ ਅਨਰਥ ਕਰਦਾ ਹੈ। ਇਹ ਸਿਖਾਂ ਨੂੰ ਧੋਖਾ ਦੇਣ ਲਈ ਗੁਰਬਾਣੀ ਦੀ ਆੜ ਲੈਂਦਾ ਹੈ।

ਭਾਈ ਅਵਤਾਰ ਸਿੰਘ ਤੇ ਉਸ ਦੇ ਪੁਤਰ ਦੇ ਰਸਾਲਾ 'ਸੰਤ ਨਿਰੰਕਾਰੀ' ਵਿਚ ਉਨ੍ਹਾਂ ਵਲੋਂ ਗੁਰਬਾਣੀ ਦੇ ਸ਼ਬਦਾਂ ਦੀ ਜੋ ਮਨਘੜਤ ਕਥਾ ਛਪਦੀ ਹੈ, ਉਸ ਦਾ ਸਿਰਲੇਖ ਦਿਤਾ ਜਾਂਦਾ ਹੈ -

'ਵਿਚਾਰ ਸ੍ਰੀ ਸਚੇ ਪਾਤਸ਼ਾਹ।'

ਗੁਰਬਾਣੀ ਦੀ ਵਿਆਖਿਆ ਕਰਨੀ ਅਤੇ ਉਸ ਨੂੰ ਭਾਈ ਅਵਤਾਰ ਸਿੰਘ ਜਾਂ ਉਸ ਦੇ ਪੁਤਰ ਦੇ ਵਿਚਾਰ ਪ੍ਰਗਟ ਕਰਨਾ ਭਾਰੀ ਧੋਖਾ ਹੈ। ਕੋਈ ਪੰਡਤ ਗੀਤਾ ਦਾ ਸ਼ਲੋਕ ਪੜ੍ਹ ਕੇ ਉਸ ਦੀ ਵਿਆਖਿਆ ਕਰੇ ਤੇ ਇਹ ਆਖੇ ਕਿ ਮੈਂ ਆਪਣੀ ਵਿਚਾਰ ਦੇ ਰਿਹਾ ਹਾਂ, ਇਹ ਠਗੀ ਹੋਵੇਗੀ। ਹਕੀਕਤ ਇਹ ਹੈ ਕਿ ਨਕਲੀ ਨਿਰੰਕਾਰੀ ਦੇ ਆਪਣੇ ਕੋਈ ਵਿਚਾਰ ਹੀ ਨਹੀਂ।

ਦੂਜੀ ਗੱਲ ਇਹ ਹੈ ਕਿ 'ਸਚੇ ਪਾਤਸ਼ਾਹ' ਦੀ ਪਦਵੀ ਸਿਖ ਸਤਿਗੁਰੂਆਂ ਦੀ ਹੈ, ਜਿਨ੍ਹਾਂ ਨੇ ਸ਼ਖਸੀ ਮੁਗਲ ਬਾਦਸ਼ਾਹ ਦੇ ਮੁਕਾਬਲੇ

Digitized by Panjab Digital Library | www.panjabdigilib.org

ਤੇ ਸਚਿਆਈ, ਨਿਆਂ ਅਤੇ ਲੋਕਾਂ ਨੂੰ ਬਰਾਬਰੀ ਦਿਤੀ। ਜਨਤਾ ਦੇ ਕਸ਼ਟ ਦੂਰ ਕਰਨ ਲਈ ਬੇਮਿਸਾਲ ਕੁਰਬਾਨੀ ਕੀਤੀ। ਉਸ ਵਕਤ ਲੋਕੀਂ ਬਾਦਸ਼ਾਹਾਂ ਨੂੰ ਝੂਠਾ ਸਮਝਦੇ ਸਨ। ਇਸ ਲਈ ਉਨ੍ਹਾਂ ਨੇ ਗੁਰੂਆਂ ਨੂੰ ਸਚੇ ਪਾਤਸ਼ਾਹ ਕਿਹਾ। ਇਸ ਵਕਤ ਹਿੰਦੁਸਤਾਨ ਵਿਚ ਲੋਕ ਰਾਜ ਹੈ, ਕੋਈ ਬਾਦਸ਼ਾਹ ਤੇ ਰਜਵਾੜਾ ਰਿਹਾ ਹੀ ਨਹੀਂ। ਇਸ ਲਈ ਇਸ ਦੰਭੀ ਨੂੰ ਸਚੇ ਪਾਤਸ਼ਾਹ ਦੀ ਪਦਵੀ ਦੇਣੀ ਇਕ ਹਾਸੋ-ਹੀਣੀ ਗਲ ਹੈ।

ਕੋਈ ਰਾਸਧਾਰੀਆ ਸੁਨਹਿਰੀ ਮੁਕਟ ਪਾ ਕੇ ਗੀਤਾ ਉਚਾਰਨ ਵਾਲਾ ਸ੍ਰੀ ਕ੍ਰਿਸ਼ਨ ਨਹੀਂ ਹੋ ਸਕਦਾ। ਕਿਸੇ ਬਾਂਦਰ ਨੂੰ ਮਹਾਂਬੀਰ ਦੀ ਪਦਵੀ ਦਿਤੀ ਜਾਵੇ ਤਾਂ ਉਹ ਸਮੁੰਦਰ ਨਹੀਂ ਟਪ ਸਕਦਾ। ਕਿਸੇ ਕਾਂ ਨੂੰ ਅਟਾਰੀ ਤੇ ਬਿਠਾ ਦਿਤਾ ਜਾਏ ਤਾਂ ਉਹ ਗਰੜ ਨਹੀਂ ਹੋ ਸਕਦਾ। ਇਸੇ ਤਰ੍ਹਾਂ ਸਤਿ ਪੁਰਸ਼ਾਂ ਦੀ ਨਕਲ ਕਰਕੇ ਕਿਸੇ ਬੋਗਸ ਆਦਮੀ ਨੂੰ ਪਦਵੀਆਂ ਦੇਣ ਨਾਲ ਉਹ ਵਡਾ ਨਹੀਂ ਹੋ ਸਕਦਾ।

ਭਾਈ ਅਵਤਾਰ ਸਿੰਘ ਗੁਰਬਾਣੀ ਤੋਂ ਅਨਜਾਣ ਹੋਣ ਕਰਕੇ ਸ਼ਬਦ ਦੇ ਕਿਤਨੇ ਗਲਤ ਅਰਥ ਕਰਦਾ ਹੈ ? ਇਸ ਦੀਆਂ ਕੁਝ ਉਦਾਹਰਣਾਂ ਪੇਸ਼ ਕਰਦੇ ਹਾਂ।

ਰਸਾਲਾ ਸੰਤ ਨਿਰੰਕਾਰੀ ਜੂਨ ੧੯੬੪ ਵਿਚ ਚੌਥੇ ਸਤਿਗੁਰੂ ਜੀ ਦਾ ਇਹ ਸ਼ਬਦ ਦਰਜ ਹੈ-

ਸਾਰੰਗ ਮਹਲਾ ੪ ॥

ਜਪਿ ਮਨ ਰਾਮ ਨਾਮ ਪੜ ਸਾਰ ॥ ਰਾਮ ਨਾਮ ਬਿਨੁ
ਥਿਰੁ ਨਹੀ ਕੋਈ ਹੋਰ ਨਿਹਫਲ ਸਭ ਬਿਸਥਾਰ।

ਨਕਲੀ ਨਿਰੰਕਾਰੀ ਵਲੋਂ ਇਸ ਸ਼ਬਦ ਦੀ ਵਿਚਾਰ ਵੀ ਛਪੀ ਹੈ। ਇਸ ਨੂੰ ਵਿਚਾਰ ਨਹੀਂ, ਬਲਕਿ ਮਨਘੜਤ ਢਕੌਂਸਲੇ ਕਹਿਣਾ ਚਾਹੀਦਾ ਹੈ।

ਗੁਰਬਾਣੀ, ਕੋਸ਼ ਅਤੇ ਵਿਆਕਰਨ ਤੋਂ ਬਿਲਕੁਲ ਅਨਜਾਣ

ਦੇਂਭੀ ਭਾਈ ਅਵਤਾਰ ਸਿੰਘ ਪਹਿਲੀ ਤੁਕ ਦੇ ਅਰਥ ਕਰਦਾ ਹੋਇਆ ਕਹਿੰਦਾ ਹੈ -

' ਇਸ ਦਾ ਮਤਲਬ ਹੈ ਕਿ ਹੇ ਮਨ ਤੂੰ ਜੋ ਸਾਰ ਵਸਤੂ ਹੈ, ਉਸ ਨੂੰ ਜਾਣ। **ਇਥੇ ਰਾਮ ਨਾਮ ਕਿਹਾ ਹੈ। 'ਰਾਮ' ਗੁਰੂ ਨੂੰ ਕਹਿੰਦੇ ਹਨ ਅਤੇ 'ਨਾਮ' ਨਿਰੰਕਾਰ ਨੂੰ। ਸਾਧ ਸੰਗਤ ਜੀ, ਜਿਨ੍ਹਾਂ ਲੋਕਾਂ ਨੇ ਗੁਰੂ ਦੇ ਜ਼ਰੀਏ ਨਿਰੰਕਾਰ ਨੂੰ ਜਾਣ ਲਿਆ, ਉਨ੍ਹਾਂ ਆਪਣਾ ਕੰਮ ਕਰ ਲਿਆ।"**

(ਵੇਖੋ ਸੰਤ ਨਿਰੰਕਾਰੀ ਜੂਨ ੧੯੬੪ ਸਫਾ ੫)

ਪਹਿਲੀ ਗਲ ਇਹ ਹੈ ਕਿ ਸ੍ਰੀ ਗੁਰੂ ਰਾਮ ਦਾਸ ਜੀ ਨੇ ਉਪਰੋਕਤ ਸ਼ਬਦ ਦੀਆਂ ਇਨ੍ਹਾਂ ਦੋਹਾਂ ਤੁਕਾਂ ਵਿਚ 'ਗੁਰੂ' ਸ਼ਬਦ ਹੀ ਕੋਈ ਨਹੀਂ ਵਰਤਿਆ। ਪਰ ਇਸ ਨੇ ਚੂੰਕਿ ਗੁਰਬਾਣੀ ਦੀ ਆੜ ਵਿਚ ਆਪਣਾ ਗੁਰੂ ਡੰਮ ਪ੍ਰਚਾਰਨਾ ਸੀ, ਇਸ ਲਈ ਤੁਕਾਂ ਦੇ ਸਹੀ ਅਰਥ ਕਰਨ ਦੀ ਥਾਂ 'ਗੁਰੂ' ਸ਼ਬਦ ਕੋਲੋਂ ਘੜ ਲਿਆ ਹੈ। ਜੋ ਸ਼ਬਦ ਮੂਲ ਤੁਕਾਂ ਵਿਚ ਹੀ ਨਹੀਂ, ਉਹ ਅਰਥਾਂ ਵਿਚ ਕਿਥੋਂ ਆ ਗਿਆ? ਇਹ ਭਾਈ ਅਵਤਾਰ ਸਿੰਘ ਦੀ ਕੁਟਲਤਾ ਹੋ ਸਕਦੀ ਹੈ ਜਾਂ ਅਗਿਆਨਤਾ। ਗੁਰਬਾਣੀ ਤੋਂ ਨਾਵਾਕਫ ਹੋਣ ਦਾ ਇਕ ਅਕੱਟ ਸਬੂਤ ਹੈ।

'ਰਾਮ' ਦੇ ਅਰਥ ਗੁਰੂ ਨਹੀਂ ਹਨ। 'ਰਾਮ' ਅਤੇ 'ਗੁਰੂ' ਸੰਸਕ੍ਰਿਤ ਦੇ ਵਖੋ ਵਖ ਸ਼ਬਦ ਹਨ। ਦੋਹਾਂ ਦੇ ਅਰਥ ਵਖੋ ਵਖ ਹਨ। ਡਾਕਟਰ ਰਾਮ ਸ਼ੰਕਰ ਸ਼ੁਕਲ ਐਮ. ਏ. ਡੀ. ਲਿਟ ਆਪਣੇ 'ਭਾਸ਼ਾ ਸ਼ਬਦ ਕੋਸ਼' ਦੇ ਸਫਾ ੧੪੮੧ ਉਤੇ 'ਰਾਮ' ਦੇ ਅਰਥ ਕਰਦੇ ਹੋਏ

Digitized by Panjab Digital Library | www.panjabdigilib.org

ਲਿਖਦੇ ਹਨ-

'ਰਾਮ ਸੰਸਕ੍ਰਿਤ (ਰਮੰਤੀ ਸਾਧਵ: ਯਸਮਿਨ) ਈਸ਼ਵਰ, ਜਿਸ ਨੂੰ ਸਾਧੂ ਰਮਣ ਕਰਦੇ ਹਨ, ਵਿਸ਼ਨੂੰ ਦੇ ਦਸ ਅਵਤਾਰਾਂ ਵਿਚੋਂ ਇਕ, ਅਵਧ ਨਰੇਸ਼ ਰਘੁਵੰਸ਼ੀ ਰਾਜਾ ਦਸਰਥ ਦੇ ਵਡੇ ਪੁਤ੍ਰ ਸ੍ਰੀ ਰਾਮ ਚੰਦਰ। ਪਰਸ਼ੂ ਰਾਮ ਤੇ ਬਲਰਾਮ। 'ਬੰਦੌਂ ਰਾਮ ਨਾਮ ਰਘੁਬਰ ਕੋ' (ਤੁਲਸੀ) ਆਤਮਾ, ਈਸ਼ਵਰ, ਭਗਵਾਨ।'

ਇਸਤੋਂ ਸਪਸ਼ਟ ਹੈ ਕਿ ਰਾਮ ਭਗਵਾਨ,ਆਤਮਾ ਤੇ ਈਸ਼ਵਰ ਨੂੰ ਕਹਿੰਦੇ ਹਨ, ਜਿਸ ਨੂੰ ਸਾਧੂ ਪੁਰਸ਼ ਰਮਣ ਕਰਦੇ ਹਨ।

ਦੂਜੇ ਰਾਮ ਸ਼ਬਦ ਇਕ ਮਹਾਨ ਵਿਅਕਤੀ ਸ੍ਰੀ ਰਾਮ ਚੰਦਰ ਜੀ ਲਈ ਵਰਤਿਆ ਗਿਆ ਹੈ, ਜੋ ਰਾਜਾ ਦਸਰਥ ਦੇ ਵਡੇ ਪੁਤਰ ਤੇ ਦਸ ਅਵਤਾਰਾਂ ਵਿਚੋਂ ਇਕ ਸਨ। ਪਰਸੁ ਰਾਮ ਜਾਂ ਬਲਰਾਮ ਦੇ ਨਾਵਾਂ ਦੇ ਅੰਤ ਵਿਚ ਵੀ ਰਾਮ ਵਰਤਿਆ ਗਿਆ ਹੈ। ਰਾਮ ਦੇ ਅਰਥ ਗੁਰੂ ਨਹੀਂ ਹਨ।

ਗੁਰਬਾਣੀ ਦੇ ਪ੍ਰਸਿਧ ਖੋਜੀ ਤੇ ਵਿਦਵਾਨ ਭਾਈ ਕਾਹਨ ਸਿੰਘ ਨਾਭਾ ਲਿਖਤ ਮਹਾਨ ਕੋਸ਼ ਦੀ ਐਡੀਸ਼ਨ ਦੂਜੀ ਦੇ ਸਫਾ ੭੭੩ ਉਤੇ 'ਰਾਮ' ਦੇ ਅਰਥ ਇਉਂ ਲਿਖੇ ਹਨ-

'ਰਾਮ ਸੰਸਕ੍ਰਿਤ ਰਮੁ, ਜਿਸ ਵਿਚ ਯੋਗੀ ਜਨ ਰਮਣ ਕਰਦੇ ਹਨ। ਪਾਰਬ੍ਰਹਮ, ਸਰਬ ਵਿਆਪੀ, ਕਰਤਾਰ।'

ਸਾਧੋ ਇਹੁ ਤਨੁ ਮਿਥਿਆ ਜਾਨਉ ॥ ਯਾ ਭੀਤਰ ਜੋ
ਰਾਮ ਬਸਤ ਹੈ ਸਾਚੋ ਤਾਹਿ ਪਛਾਨੋ ॥ (ਬਸੰਤ ਮ: ੯)

ਸਰ ਮਾਈਨਰ ਵਿਲੀਅਮਜ਼ ਨੇ ਸੰਸਕ੍ਰਿਤ ਸ਼ਬਦਾਂ ਦੀ ਅੰਗ੍ਰੇਜ਼ੀ ਵਿਚ ਇਕ ਡਿਕਸ਼ਨਰੀ ਲਿਖੀ ਹੈ, ਜੋ ਪ੍ਰਮਾਣੀਕ ਡਿਕਸ਼ਨਰੀ ਮੰਨੀ ਜਾਂਦੀ ਹੈ। ਉਸ ਵਿਚ 'ਰਾਮ' ਦੇ ਅਰਥ ਲਿਖੇ ਹਨ-ਪ੍ਰਸੰਨਤਾ ਦੇਣ ਵਾਲਾ, ਸੁੰਦਰ, ਗੂਹੜਾ ਕਾਲਾ, ਵਿਆਪਕ, ਈਸ਼ਵਰ ਦਾ ਨਾਂ ਅਤੇ ਸ੍ਰੀ ਰਾਮ ਚੰਦਰ।

Digitized by Panjab Digital Library | www.panjabdigilib.org

ਸਰ ਮਾਈਨਰ ਵਿਲੀਅਮਜ਼ ਨੇ ਆਪਣੀ ਡਿਕਸ਼ਨਰੀ ਵਿਚ ਰਾਮ ਦੇ ਅਰਥ ਗੁਰੂ ਨਹੀਂ ਦਿਤੇ।

ਮਹਾ ਰਿਸ਼ੀ ਬਾਲਮੀਕ ਤੇ ਗੁਸਾਈਂ ਤੁਲਸੀ ਦਾਸ ਜੀ ਨੇ ਸ੍ਰੀ ਰਾਮ ਚੰਦਰ ਦੀ ਜੀਵਨ ਕਥਾ ਰਾਮਾਇਣ ਲਿਖੀ ਹੈ। ਉਨ੍ਹਾਂ ਨੇ ਵੀ ਰਾਮ ਸ਼ਬਦ ਈਸ਼ਵਰ ਅਤੇ ਵਿਅਕਤੀ ਸ੍ਰੀ ਰਾਮ ਦੋਹਾਂ ਲਈ ਵਰਤਿਆ ਹੈ। ਗੁਸਾਈਂ ਤੁਲਸੀ ਦਾਸ ਜੀ ਲਿਖਦੇ ਹਨ-

ਰਾਮ ਏਕ ਤਾਪਸ ਤ੍ਰਿਆ ਤਾਰੀ।
ਨਾਮ ਕੋਟ ਖਲ ਪਤਿਤ ਉਧਾਰੀ।

ਭਾਵ ਸ੍ਰੀ ਰਾਮ ਚੰਦਰ ਨੇ ਇਕ ਗੋਤਮ ਰਿਸ਼ੀ ਦੀ ਪਤਨੀ ਅਹਿਲਿਆ ਨੂੰ ਤਾਰਿਆ, ਪਰ ਰਾਮ ਨਾਮ ਨੇ ਕਰੋੜਾਂ ਮੂਰਖਾਂ ਤੇ ਪਤਿਤਾਂ ਦਾ ਉਧਾਰ ਕੀਤਾ ਹੈ।

ਪਾਵਨ ਗੁਰਬਾਣੀ, ਦਸਮ ਗਰੰਥ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਵਿਚ ਸੈਂਕੜੇ ਵੇਰ ਰਾਮ ਨਾਮ ਸ਼ਬਦ ਵਰਤਿਆ ਗਿਆ ਹੈ। ਪਰ ਇਕ ਈਸ਼ਵਰ ਲਈ, ਦੂਜੇ ਸ੍ਰੀ ਰਾਮ ਚੰਦ੍ਰ ਲਈ ਵਰਤਿਆ ਹੈ। 'ਗੁਰੂ' ਦੇ ਅਰਥਾਂ ਵਿਚ ਨਹੀਂ ਵਰਤਿਆ ਗਿਆ। ਅਕਾਲੀ ਕੌਰ ਸਿੰਘ ਜੀ ਨੇ ਗੁਰਬਾਣੀ ਦੀਆਂ ਤੁਕਾਂ ਦਾ ਜੋ ਇੰਡੈਕਸ ਲਿਖਿਆ ਹੈ, ਉਸ ਵਿਚ ਤਕਰੀਬਨ ੪ ਸਫੇ ਰਾਮ ਜਾਂ ਰਾਮ ਨਾਮ ਸ਼ਬਦ ਦੇ ਦਿਤੇ ਹਨ। ਉਦਾਹਰਨ ਲਈ-

(੧) ਰਾਮ ਨਾਮ ਦੇਵਾ ਮਹਿ ਸੂਰ ॥ (ਆਸਾ ਦੀ ਵਾਰ ਮ:੧)

(੨) ਜਿਨ ਸਰਧਾ ਰਾਮ ਨਾਮਿ ਲਾਗੀ
ਤਿਨਿ ਦੂਜੈ ਚਿਤੁ ਨ ਲਾਇਆ ॥ (ਆਸਾ ਛੰਤ ਮ: ੪)

(੩) ਰਾਮ ਨਾਮ ਤਤੁ ਕਰਹੁ ਬੀਚਾਰੁ ॥
ਦ੍ਰੁਲਭ ਦੇਹ ਕਾ ਕਰਹੁ ਉਧਾਰੁ ॥

(੪) ਹਲਤੁ ਪਲਤੁ ਦੁਇ ਲੇਹੁ ਸਵਾਰਿ ॥
ਰਾਮ ਨਾਮੁ ਅੰਤਰਿ ਉਰਿਧਾਰਿ ॥ (ਸੁਖਮਨੀ)

Digitized by Panjab Digital Library | www.panjabdigilib.org

(੫) ਰਾਮ ਨਾਮ ਅਉਖਧੁ ਦੀਆ ਏਕਾ ਲਿਵ ਲਾਈ ॥
(ਬਿਲਾਵਲ ਮ: ੫)

(੬) ਰਾਮ ਨਾਮੁ ਉਰ ਮਹਿ ਗਹਿਓ ਜਾਕੈ ਸਮ ਨਹੀ ਕੋਇ ॥ ਜਿਹ ਸਿਮ੍ਰਿਤਿ ਸੰਕਟ ਮਿਟੈ ਦਰਸੁ ਤੁਹਾਰੋ ਹੋਇ ॥ (ਸਲੋਕ ਮ: ੯-੫੭)

(੭) ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ । (ਪਾਤਸ਼ਾਹੀ ੧੦)

ਭਗਤਾਂ ਦੀ ਬਾਣੀ ਵਿਚ ਵੀ ਰਾਮ ਸ਼ਬਦ ਬਹੁਤ ਵੇਰ ਵਰਤਿਆ ਹੈ, ਪਰ ਕਿਸੇ ਭਗਤ ਨੇ ਰਾਮ ਨੂੰ ਗੁਰੂ ਦੇ ਅਰਥਾਂ ਵਿਚ ਨਹੀਂ ਵਰਤਿਆ ।

'ਗੁਰੂ' ਸੰਸਕ੍ਰਿਤ ਦਾ ਇਕ ਵਖਰਾ ਸ਼ਬਦ ਹੈ, ਜਿਹੜਾ 'ਗੁ' ਤੇ 'ਰੂ' ਧਾਤੂ ਤੋਂ ਬਣਿਆ ਹੈ । 'ਗੁ' ਦੇ ਅਰਥ ਹਨ-ਹਨੇਰਾ ਤੇ 'ਰੂ' ਦੇ ਅਰਥ ਹਨ ਪ੍ਰਕਾਸ਼ । ਹਨੇਰੇ ਵਿਚ ਪ੍ਰਕਾਸ਼ ਕਰਨ ਵਾਲਾ ਭਾਵ ਅਗਿਆਨਤਾ ਦਾ ਹਨੇਰਾ ਦੂਰ ਕਰਕੇ ਆਤਮ ਪ੍ਰਕਾਸ਼ ਕਰਨ ਵਾਲਾ ਗੁਰੂ ਹੈ। ਸੁਖਮਨੀ ਸਾਹਿਬ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ-

ਗਿਆਨ ਅੰਜਨ ਗੁਰ ਦੀਆ ਅਗਿਆਨ ਅੰਧੇਰ ਬਿਨਾਸ ॥ ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨ ਪ੍ਰਗਾਸ ।

ਜਦ ਕਿਸੇ ਕੋਸ਼, ਡਿਕਸ਼ਨਰੀ, ਕਾਵਿ ਦੇ ਗਰੰਥ, ਵਿਆਕਰਣ, ਧਾਰਮਿਕ ਜਾਂ ਇਤਿਹਾਸਕ ਗਰੰਥ ਵਿਚ ਰਾਮ ਦੇ ਅਰਥ ਗੁਰੂ ਨਹੀਂ ਕੀਤੇ ਗਏ, ਤਦ ਨਕਲੀ ਨਿਰੰਕਾਰੀ ਭਾਈ ਅਵਤਾਰ ਸਿੰਘ ਦੇ ਰਾਮ ਦੇ ਗਲਤ ਅਰਥ ਗੁਰੂ ਕਿਵੇਂ ਮੰਨੇ ਜਾਣ ? ਅਸਲੀਅਤ ਇਹ ਹੈ ਕਿ ਇਹ ਸ਼ਖਸ ਗੁਰਬਾਣੀ, ਕਾਵਿ ਕੋਸ਼, ਧਾਰਮਿਕ ਅਤੇ ਸਾਹਿਤਕ ਗਰੰਥਾਂ ਤੋਂ ਬਿਲਕੁਲ ਨਾਵਾਕਫ਼ ਹੈ । ਇਸ ਨੇ ਕਿਸੇ ਵਿਦਵਾਨ ਜਾਂ

Digitized by Panjab Digital Library | www.panjabdigilib.org

ਗਿਆਨੀ ਪਾਸੋਂ ਗੁਰਬਾਣੀ ਦੇ ਅਰਥ ਨਹੀਂ ਪੜ੍ਹੇ ਹੋਏ। ਇਸ ਲਈ ਨਿਗੁਰਾ ਹੋਣ ਕਰਕੇ ਗਲਤ ਅਰਥ ਤੇ ਅਟਕਲ ਪਚੂ ਗਲਾਂ ਕਰਦਾ ਹੈ।

ਭਾਈ ਅਵਤਾਰ ਸਿੰਘ ਨੇ ਜਿਵੇਂ ਰਾਮ ਸ਼ਬਦ ਦੇ ਗੁਰੂ ਅਰਥ ਗਲਤ ਕੀਤੇ ਹਨ, ਇਸੇ ਤਰ੍ਹਾਂ ਇਸ ਦੇ 'ਨਾਮ ਦੇ ਅਰਥ ਨਿਰੰਕਾਰ' ਕਰਨਾ ਵੀ ਇਕ ਹਮਾਕਤ ਹੈ।

ਨਿਰੰਕਾਰ ਦੇ ਅਰਥ ਹਨ ਜਿਸ ਦਾ ਕੋਈ ਆਕਾਰ ਨਹੀਂ। ਨਿਰੰਕਾਰ ਨਾਮ ਨਹੀਂ ਬਲਕਿ ਇਕ ਵਿਸ਼ੇਸ਼ਣ ਜਾਂ ਉਸ ਦਾ ਗੁਣ ਹੈ। ਜਿਹੜਾ ਨਿਰਾਕਾਰ ਹੈ, ਉਸ ਦਾ ਨਾਮ ਕਿਵੇਂ ਰਖਿਆ ਜਾ ਸਕਦਾ ਹੈ? ਬਦਕਿਸਮਤੀ ਇਹ ਹੈ ਕਿ ਨਕਲੀ ਨਿਰੰਕਾਰੀ ਅਨਪੜ੍ਹ ਹੋਣ ਕਰਕੇ ਜਿਥੇ ਰਾਮ ਅਤੇ ਗੁਰੂ ਦੇ ਅਰਥ ਨਹੀਂ ਸਮਝਦਾ, ਉਥੇ ਇਸ ਨੂੰ 'ਨਾਮ' ਅਤੇ ਵਿਸ਼ੇਸ਼ਣ ਦੇ ਫਰਕ ਦਾ ਵੀ ਪਤਾ ਨਹੀਂ। ਇਸ ਨੂੰ ਇਹ ਵੀ ਇਲਮ ਨਹੀਂ ਕਿ ਨਾਮ ਕਿਤਨੀ ਪ੍ਰਕਾਰ ਦੇ ਹਨ।

ਦ੍ਰਿਸ਼ਟਮਾਨ ਜਗਤ ਵਿਚ ਜਿਤਨੀਆਂ ਚੀਜ਼ਾਂ ਹਨ, ਉਨ੍ਹਾਂ ਦਾ ਕੋਈ ਨਾਮ ਅਤੇ ਰੂਪ ਹੈ। ਪ੍ਰਮਾਣੂ ਸਭ ਤੋਂ ਸੂਖਮ ਹਨ, ਪਰ ਉਨ੍ਹਾਂ ਦਾ ਵੀ ਨਾਂ ਹੈ। ਹਾਥੀ ਵਡਾ ਹੈ ਤੇ ਕੀੜੀ ਛੋਟੀ ਹੈ। ਦੋਵੇਂ ਨਾਮ ਤੇ ਰੂਪ ਦੀ ਹੱਦ ਵਿਚ ਹਨ। ਪਰ ਨਕਲੀ ਨਿਰੰਕਾਰੀ ਨਾਮ ਰੂਪ ਦੇ ਭੇਦ ਨੂੰ ਨਹੀਂ ਸਮਝਦਾ।

ਸ੍ਰੀ ਗੁਰੂ ਰਾਮ ਦਾਸ ਜੀ ਦੇ ਉਪਰੋਕਤ ਸ਼ਬਦ ਦੀ ਇਕ ਤੁਕ ਦੇ ਅਰਥ ਕਰਦਿਆਂ ਹੋਇਆਂ ਨਕਲੀ ਨਿਰੰਕਾਰੀ ਉਚਰਦਾ ਹੈ—

'ਕਹਿੰਦਾ ਹੈ ਕਿ 'ਰਾਮ ਨਾਮ ਬਿਨੁ ਥਿਰੁ ਨਹੀ ਕੋਈ।'

ਰਾਮ ਅਤੇ ਨਾਮ ਤੋਂ ਬਗੈਰ ਕੋਈ ਚੀਜ਼ ਥਿਰ ਰਹਿਣ ਵਾਲੀ ਨਹੀਂ ਹੈ। ਗੁਰੂ ਅਤੇ ਨਿਰੰਕਾਰ ਦੋ ਹੀ ਚੀਜ਼ਾਂ ਥਿਰ ਰਹਿੰਦੀਆਂ ਹਨ। ਲੋਕੀਂ ਕਹਿੰਦੇ ਹਨ ਕਿ ਗੁਰੂ ਮਰਦਾ ਹੈ। ਸਾਧ ਸੰਗਤ ਗੁਰੂ ਨਹੀਂ ਮਰਦਾ। ਲੋਕੀਂ ਸਰੀਰ ਨੂੰ ਗੁਰੂ ਸਮਝਦੇ ਹਨ ਤੇ ਭੁਲੇਖੇ ਵਿਚ ਆ ਜਾਂਦੇ ਹਨ। ਪਹਿਲਾ ਗੁਰੂ ਚਲਾ

Digitized by Panjab Digital Library | www.panjabdigilib.org

ਗਿਆ ਤੇ ਫਿਰ ਦੂਜਾ ਆਇਆ। ਸਾਧ ਸੰਗਤ ਜੀ ਗੁਰੂ ਆਂਦਾ ਜਾਂਦਾ ਨਹੀਂ ਹੈ। ਗੁਰੂ ਥਿਰ ਰਹਿੰਦਾ ਹੈ।'

(ਵੇਖੋ ਸੰਤ ਨਿਰੰਕਾਰੀ ਜੂਨ ੧੯੬੪ ਪੰਨਾ ੬)

ਪਹਿਲੀ ਗਲ ਇਹ ਹੈ ਕਿ ਕਿਸੇ ਮਹਾ ਪੁਰਸ਼ ਦੇ ਕਥਨ ਜਾਂ ਸ਼ਬਦ ਦੇ ਅਰਥ ਕਰਨ ਸਮੇਂ ਬੜੇ ਅਦਬ ਤੇ ਸਤਕਾਰ ਨਾਲ ਉਸ ਦਾ ਨਾਂ ਲੈਣਾ ਜ਼ਰੂਰੀ ਹੈ। ਦੂਜੇ ਬੋਲਣ ਤੇ ਕਥਨੀ ਵਿਚ ਅਤੇ ਲਿਖਣ ਵਿਚ ਵਿਆਕਰਨ ਦੇ ਅਸੂਲਾਂ ਅਨੁਸਾਰ ਕਰਤਾ, ਕਰਮ, ਕ੍ਰਿਆ, ਨਾਂ, ਪੜਨਾਂਵ ਆਦਿਕ ਦਾ ਖਿਆਲ ਰਖਣਾ ਚਾਹੀਦਾ ਹੈ। ਪਰ ਇਹ ਦੰਭੀ ਆਪਣੇ ਲਈ 'ਅਸੀਂ ਇਕ ਜਗ੍ਹਾ ਗਏ' (ਵੇਖੋ ਸਫਾ ੩੧) ਤੇ ਗੁਰਬਾਣੀ ਉਚਾਰਨ ਵਾਲੇ ਸਤਿਗੁਰੂ ਜੀ ਦਾ ਅਦਬ ਨਾਲ ਨਾਮ ਲੈਣ ਦੀ ਬਜਾਏ ਉਨ੍ਹਾਂ ਲਈ 'ਕਹਿੰਦਾ ਹੈ' ਸ਼ਬਦ ਵਰਤਦਾ ਹੈ। 'ਕਹਿੰਦਾ ਹੈ' ਸ਼ਬਦ ਤਦ ਵਰਤੀਦਾ ਹੈ, ਜਦ ਕਹਿਣ ਵਾਲੇ ਦਾ ਪਹਿਲੇ ਨਾਂ ਲਈਏ। ਇਸ ਕੁਟਲ ਅਤੇ ਹੰਕਾਰੀ ਦੇ ਮਨ ਵਿਚ ਕਪਟ ਇਹ ਹੈ ਕਿ ਜੇ ਮੈਂ ਸਤਿਗੁਰੂਆਂ ਦਾ ਨਾਮ ਲਿਆ ਤਾਂ ਲੋਕਾਂ ਦੀ ਸੁਰਤ ਉਨ੍ਹਾਂ ਨਾਲ ਜੁੜਨੀ ਹੈ। ਮੇਰਾ ਗੁਰੂ ਡੰਮ ਨਹੀਂ ਚਲ ਸਕਦਾ। ਇਸ ਲਈ ਸਤਿਗੁਰੂਆਂ ਦਾ ਅਦਬ ਨਾਲ ਨਾਂ ਲੈਣ ਲਈ ਤਿਆਰ ਨਹੀਂ। ਬਾਣੀ ਉਚਾਰਨ ਵਾਲੇ ਸਤਿਗੁਰੂ ਦਾ ਨਾਂ ਲਏ ਬਿਨਾਂ 'ਕਹਿੰਦਾ ਹੈ' ਆਖਣਾ ਅਗਿਆਨਤਾ ਹੈ। ਜਿਸ ਨੂੰ ਇਕ ਵਾਕ ਵੀ ਸ਼ੁਧ ਬੋਲਣ ਦੀ ਜਾਚ ਨਹੀਂ, ਉਸ ਨੂੰ ਆਤਮ-ਗਿਆਨ ਕੀ ਹੋ ਸਕਦਾ ਹੈ?

ਦੂਜੀ ਗੱਲ ਇਹ ਹੈ ਕਿ ਉਪਰੋਕਤ ਤੁਕਾਂ ਵਿਚ ਗੁਰੂ ਸ਼ਬਦ ਹੀ ਨਹੀਂ ਆਇਆ, ਉਨ੍ਹਾਂ ਵਿਚ ਤਾਂ ਕੇਵਲ ਪ੍ਰਮਾਤਮਾ ਦਾ ਵਰਣਨ ਹੈ। ਭਾਈ ਅਵਤਾਰ ਸਿੰਘ ਦਾ ਮਨਘੜਤ ਗੁਰੂ ਦਾ ਪ੍ਰਕਰਣ ਛੇੜ ਦੇਣਾ, ਕਿ ਗੁਰੂ ਜੰਮਦਾ ਨਹੀਂ, ਗੁਰੂ ਮਰਦਾ ਨਹੀਂ, ਸਰਾਸਰ ਗਲਤ ਹੈ।

ਅਸੀਂ ਇਸ ਨੂੰ ਇਕ ਗਲ ਪੁਛਦੇ ਹਾਂ ਕਿ ਜੇ ਗੁਰੂ ਜੰਮਦਾ

Digitized by Panjab Digital Library | www.panjabdigilib.org

ਮਰਦਾ ਨਹੀਂ ਤੇ ਸਥਿਰ ਹੈ ਅਤੇ ਆਉਂਦਾ ਜਾਂਦਾ ਨਹੀਂ ਤਾਂ ਤੁਹਾਡੇ ਪਿਛਲਗ ਜਦ ਇਹ ਕਹਿੰਦੇ ਹਨ, 'ਅਲਾਹ ਆਪੇ ਮੁੜ ਆਇਆ ਜੇ। ਗਾਡ ਵੀ ਨਾਲ ਲਿਆਇਆ ਜੇ।' ਤਾਂ ਕੀ ਉਹ ਝੂਠ ਬੋਲਦੇ ਹਨ? ਤੁਸੀਂ ਆਪਣੇ ਪੁਤ੍ਰ ਭਾਈ ਗੁਰਬਚਨ ਸਿੰਘ ਨੂੰ ਕਿਉਂ ਸਤਿ-ਗੁਰੂ ਦਸਦੇ ਹੋ? ਤੁਸੀਂ ਕਦੀ ਜੰਮੇ ਸੀ, ਕਦੀ ਮਰ ਜਾਣਾ ਹੈ। ਫਿਰ ਕਿਉਂ ਸਚਾ ਪਾਤਸ਼ਾਹ ਤੇ ਸਤਿਗੁਰੂ ਅਖਵਾਉਂਦੇ ਹੋ?

ਝੂਠੇ ਗਵਾਹਾਂ ਵਾਂਗ ਭਾਈ ਅਵਤਾਰ ਸਿੰਘ ਹਰ ਗਲ ਵਿਚ ਥਿੜਕਦਾ ਹੈ। ਜਿਸ ਗੱਲ ਨੂੰ ਇਕ ਥਾਂ ਮੰਡਨ ਕਰਦਾ ਹੈ, ਨਾਲ ਹੀ ਉਸ ਦਾ ਖੰਡਨ ਕਰੀ ਜਾਂਦਾ ਹੈ। ਅਕਲ, ਦਲੀਲ, ਫਿਲਾਸਫੀ, ਮੰਤਕ, ਗੁਰਬਾਣੀ ਜਾਂ ਇਤਿਹਾਸ ਦੀ ਕਸੌਟੀ ਉਤੇ ਇਸ ਦੀ ਇਕ ਗੱਲ ਵੀ ਨਹੀਂ ਟਿਕਦੀ।

ਭਾਈ ਅਵਤਾਰ ਸਿੰਘ ਗੁਰਬਾਣੀ ਦੇ ਸ਼ਬਦਾਂ ਦੇ ਕਿਤਨੇ ਗਲਤ ਅਰਥ ਕਰਦਾ ਹੈ? ਇਸ ਦੀ ਇਕ ਹੋਰ ਉਦਾਹਰਣ ਪੇਸ਼ ਕਰਦੇ ਹਾਂ।

ਰਸਾਲਾ 'ਸੰਤ ਨਿਰੰਕਾਰੀ' ਮਹੀਨਾ ਅਗਸਤ ੧੯੬੪ ਦੇ ਸਫਾ ੫ ਉਤੇ ਬਿਲਾਵਲ ਮਹਲਾ ੫

ਸਿਮਰਿ ਸਿਮਰਿ ਪ੍ਰਭੁ ਆਪਨਾ ਨਾਠਾ ਦੁਖ ਠਾਉ ॥
ਬਿਸ੍ਰਾਮ ਪਾਇ ਮਿਲਿ ਸਾਧ ਸੰਗਿ ਤਾਤੇ ਬਹੁੜਿ
ਨ ਧਾਉ ॥

ਦੀ ਵਿਆਖਿਆ ਤੇ ਸ਼ਬਦ ਦੇ ਅਰਥ ਕਰਦੇ ਹੋਏ ਇਸ ਨੇ ਕਿਹਾ ਹੈ-

> 'ਕਹਿੰਦਾ ਹੈ ਮੈਂ ਪ੍ਰਭੂ ਦਾ ਸਿਮਰਨ ਕੀਤਾ। ਸਾਧ ਸੰਗਤ ਕਿਹੜੇ ਪ੍ਰਭੂ ਦਾ ਸਿਮਰਨ ਕੀਤਾ ਹੈ? ਜਿਹੜਾ ਪੂਰਾ ਸਤਿਗੁਰੂ ਹੈ, ਉਹੀ ਪ੍ਰਭੂ ਹੈ। ਉਹੀ ਪ੍ਰਭਤਾ ਦਾ ਮਾਲਕ ਹੈ। ਕਹਿੰਦਾ ਹੈ ਕਿ ਮੈਂ ਆਪਣੇ ਪ੍ਰਭੂ ਦਾ ਸਿਮਰਨ ਕੀਤਾ। ਮੈਂ ਆਪਣੇ ਗੁਰੂ ਦਾ ਧਿਆਨ ਕੀਤਾ ਹੈ।'

Digitized by Panjab Digital Library | www.panjabdigilib.org

ਪੰਚਮ ਸਤਿਗੁਰੂ ਦੇ ਉਪਰੋਕਤ ਸ਼ਬਦ ਦੀਆਂ ਤੁਕਾਂ ਵਿਚ ਸਿਰਫ ਪ੍ਰਭੂ ਦੇ ਸਿਮਰਨ ਤੇ ਸਾਧ ਸੰਗਤ ਦਾ ਵਰਣਨ ਹੈ। ਇਨ੍ਹਾਂ ਵਿਚ ਗੁਰੂ ਕੋਈ ਸ਼ਬਦ ਹੀ ਨਹੀਂ।

ਅਗੇ ਚਲ ਕੇ ਨਕਲੀ ਨਿਰੰਕਾਰੀ ਕਹਿੰਦਾ ਹੈ-

'ਗੁਰੂ ਕੌਣ ਹੈ? ਸਾਧ ਸੰਗਤ ਜੋ ਰੱਬ ਦਾ ਗਿਆਨ ਦਿੰਦਾ ਹੈ, ਜੋ ਨਿਰੰਕਾਰ ਵਿਖਾਂਦਾ ਹੈ।'

(ਦੇਖੋ ਸੰਤ ਨਿਰੰਕਾਰੀ ਅਗਸਤ ੧੯੬੪ ਸਫਾ ੭)

ਫਿਰ ਉਚਰਦਾ ਹੈ -

'ਕਈਆਂ ਨੂੰ ਮੁਗਾਲਤਾ ਲਗਦਾ ਹੈ ਕਿ ਜਿਸ ਮਹਾਪੁਰਸ਼ ਨੇ ਮੈਨੂੰ ਗਿਆਨ ਦਿਤਾ ਹੈ, ਉਹੀ ਮੇਰਾ ਗੁਰੂ ਹੈ। ਸਾਧ ਸੰਗਤ ਘਟੋ ਘਟ ੪੦-੫੦ ਮਹਾਪੁਰਸ਼ ਗਿਆਨ ਵੰਡਣ ਵਾਲੇ ਹਨ। ਕਈ ਭੁਲੇਖੇ ਵਿਚ ਪੈ ਜਾਂਦੇ ਹਨ ਕਿ ਸਾਡਾ ਗਿਆਨ ਦਾਤਾ ਤਾਂ ਫਲਾਣਾ ਹੈ। ਉਸ ਨੇ ਤਾਂ ਗੁਰੂ ਦਾ ਗਿਆਨ ਦਿਤਾ ਹੈ। ਜੋ ਗਿਆਨ ਦੇਂਦਾ ਹੈ, ਉਹ ਇਹ ਭੀ ਤਾਂ ਦਸਦਾ ਹੈ ਕਿ ਤੇਰਾ ਗੁਰੂ ਕੌਣ ਹੈ। ਉਸ ਨੇ ਕਿਸ ਗੁਰੂ ਦਾ ਗਿਆਨ ਦਿਤਾ ਹੈ। ਉਹ ਇਹ ਤਾਂ ਨਹੀਂ ਕਹਿੰਦਾ ਕਿ ਮੈਂ ਗਿਆਨ ਦਿਤਾ ਹੈ, ਇਸ ਲਈ ਮੈਂ ਗੁਰੂ ਹਾਂ। ਜੋ ਇਹ ਕਹਿੰਦਾ ਹੈ ਮੈਨੂੰ ਫਲਾਣੇ ਨੇ ਗਿਆਨ ਦਿਤਾ ਹੈ; ਉਹੀ ਮੇਰਾ ਗੁਰੂ ਹੈ। ਸਾਧ ਸੰਗਤ ਉਹ ਉਸ ਦੀ ਬਦਨਾਮੀ ਕਰ ਰਿਹਾ ਹੈ।'

(ਸੰਤ ਨਿਰੰਕਾਰੀ ਅਗਸਤ ੧੯੬੪)

ਇਸ ਸਾਰੀ ਵਾਰਤਾ ਨੂੰ ਵਿਚਾਰ ਦੀ ਥਾਂ ਵਲਾਯੋੜੀਆਂ ਕਹਿਣਾ ਚਾਹੀਦਾ ਹੈ। ਇਸ ਲਈ ਕਿ ਅਵਤਾਰ ਸਿੰਘ ਆਪਣੀ ਕਥਨੀ ਵਿਚ ਇਕ ਪੰਗਤੀ ਵਿਚ ਜਿਸ ਗੱਲ ਨੂੰ ਬਿਆਨ ਕਰਦਾ ਹੈ, ਦੂਜੀ ਵਿਚ ਉਸੇ ਦਾ ਖੰਡਨ ਕਰੀ ਜਾਂਦਾ ਹੈ।

ਉਪਰੋਕਤ ਸ਼ਬਦ ਦੇ ਅਨਰਥ ਕਰਦਾ ਹੋਇਆ ਭਾਈ

Digitized by Panjab Digital Library | www.panjabdigilib.org

ਅਵਤਾਰ ਸਿੰਘ ਆਰੰਭ ਵਿਚ ਕਹਿੰਦਾ ਹੈ-

'ਪ੍ਰਭੂ ਹੀ ਸਤਿਗੁਰੂ ਹੈ।'

ਦੂਜੀ ਥਾਂ ਕਹਿੰਦਾ ਹੈ -

'ਗੁਰੂ ਕੌਣ ਹੈ? ਸਾਧ ਸੰਗਤ, ਜੋ ਰੱਬ ਦਾ ਗਿਆਨ ਦਿੰਦਾ ਹੈ, ਨਿਰੰਕਾਰ ਦਿਖਾਂਦਾ ਹੈ।'

ਅਖੀਰ ਵਿਚ ਜਾ ਕੇ ਕਹਿੰਦਾ ਹੈ -

'ਜਿਹੜਾ ਇਹ ਆਖੇ ਕਿ ਮੈਨੂੰ ਫਲਾਣੇ ਨੇ ਗਿਆਨ ਦਿਤਾ ਹੈ, ਉਹ ਮੇਰਾ ਗੁਰੂ ਹੈ, ਉਹ ਉਸ ਦੀ ਬਦਨਾਮੀ ਕਰਦਾ ਹੈ।'

ਕੀ ਭਾਈ ਅਵਤਾਰ ਸਿੰਘ ਬੂਟਾ ਸਿੰਘ ਦਾ ਨਾਂ ਲੈ ਕੇ ਜਾਂ ਨਕਲੀ ਨਿਰੰਕਾਰੀ ਦੇ ਚੇਲੇ ਉਸ ਦਾ ਤੇ ਭਾਈ ਗੁਰਬਚਨ ਸਿੰਘ ਦਾ ਨਾਂ ਲੈ ਕੇ ਉਨ੍ਹਾਂ ਦੀ ਬਦਨਾਮੀ ਕਰਦੇ ਹਨ? ਪਾਵਨ ਗੁਰਬਾਣੀ ਦਾ ਵਾਕ ਹੈ -

ਜਿਨਾ ਗੁਰੁ ਗੋਪਿਆ ਆਪਣਾ ਤੇ ਨਰ ਬੁਰਿਆਈ॥
ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ ਪਾਪਿਸਟ
ਹਤਿਆਰੀ ॥ (ਸਲੋਕ ਮ: ੩ ਵਾਰ ਸੋਰਠਿ)

ਭਾਵ-ਜੋ ਆਪਣੇ ਗੁਰੂ ਨੂੰ ਲੁਕਾਉਂਦਾ ਹੈ, ਉਹ ਪਾਪੀ ਹੈ, ਹਤਿਆਰਾ ਹੈ ਤੇ ਬਹੁਤ ਬੁਰਾ ਹੈ। ਉਸ ਦਾ ਦਰਸ਼ਨ ਨਹੀਂ ਕਰਨਾ ਚਾਹੀਦਾ। ਪਰ ਭਾਈ ਅਵਤਾਰ ਸਿੰਘ ਕਹਿੰਦਾ ਹੈ ਕਿ ਜਿਹੜਾ ਆਪਣੇ ਗੁਰੂ ਦਾ ਨਾਂ ਲੈਂਦਾ ਹੈ, ਉਹ ਉਸ ਦੀ ਬਦਨਾਮੀ ਕਰਦਾ ਹੈ।

ਹੁਣ ਪਾਠਕ ਆਪੇ ਫੈਸਲਾ ਕਰਨ ਕਿ ਭਾਈ ਅਵਤਾਰ ਸਿੰਘ ਨੂੰ ਗੁਰਬਾਣੀ ਦੀ ਕੋਈ ਸੂਝ ਹੈ? ਇਸ ਦਾ ਕੋਈ ਸਿਧਾਂਤ ਹੈ? ਇਹ ਤਾਂ ਇਕ ਅੰਨੇ ਵਾਂਗੂ ਪੈਰ ਪੈਰ ਤੇ ਉਖੜਦਾ ਹੈ। ਹਨੇਰੇ ਵਿਚ ਹਥ ਪੈਰ ਮਾਰਦਾ ਹੈ। ਇਸ ਦੀ ਕੋਈ ਇਕ ਪੰਗਤੀ ਦੂਜੀ ਨਾਲ ਨਹੀਂ ਮਿਲਦੀ।

Digitized by Panjab Digital Library | www.panjabdigilib.org

ਇਸ ਨੇ ਉਪਰੋਕਤ ਲੇਖ ਵਿਚ ੪੦-੫੦ ਮਹਾਂਪੁਰਸ਼ਾਂ ਦੇ ਗਿਆਨ ਦਾ ਜੋ ਜ਼ਿਕਰ ਕੀਤਾ ਹੈ, ਉਹ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਸਤਿਗੁਰੂਆਂ ਅਤੇ ਭਗਤਾਂ ਦੀ ਬਾਣੀ ਵਲ ਇਸ਼ਾਰਾ ਹੈ। ਸ੍ਰੀ ਗੁਰੂ ਗਰੰਥ ਸਾਹਿਬ ਵਿਚ ੪੦-੫੦ ਮਹਾਂਪੁਰਸ਼ਾਂ ਦੀ ਬਾਣੀ ਦਸਣੀ ਅਗਿਆਨਤਾ ਹੈ।

ਬਾਣੀ ਬਿਓਰਾ, ਬਾਣੀ ਦੇ ਟੀਕਿਆਂ ਜਾਂ ਕੋਸ਼ ਤੋਂ ਜਾਣੂ ਕੋਈ ਆਦਮੀ ਇਹ ਗਲਤ ਬਿਆਨੀ ਨਹੀਂ ਕਰ ਸਕਦਾ। ਸ੍ਰੀ ਗੁਰੂ ਗਰੰਥ ਸਾਹਿਬ ਵਿਚ ਛੇ ਸਤਿਗੁਰੂਆਂ, ਸੋਲਾਂ ਭਗਤਾਂ, ਗਿਆਰਾਂ ਭੱਟਾਂ, ਸੁੰਦਰ ਜੀ ਅਤੇ ਸਤੇ ਬਲਵੰਡ ਦੀ ਬਾਣੀ ਹੈ। ਉਹ ੪੦-੫੦ ਤ੍ਰਾਂ ਕਿਸੇ ਤਰ੍ਹਾਂ ਵੀ ਨਹੀਂ ਬਣਦੇ।

ਨਕਲੀ ਨਿਰੰਕਾਰੀ ਗੁਰਬਾਣੀ ਤੋਂ ਕਿੰਨਾ ਅਨਜਾਣ ਹੈ? ਇਸ ਦੀ ਇਕ ਉਦਾਹਰਣ ਦੇ ਕੇ ਪ੍ਰਕਰਣ ਨੂੰ ਸਮਾਪਤ ਕਰਦੇ ਹਾਂ।

ਸਤਿਗੁਰ ਬਚਨ ਤੁਮਾਰੇ ॥ ਨਿਰਗੁਣ ਨਿਸਤਾਰੇ ॥ ਰਹਾਉ ॥
ਮਹਾ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ ॥

ਦੇ ਅਰਥ ਕਰਦਾ ਹੋਇਆ ਭਾਈ ਅਵਤਾਰ ਸਿੰਘ ਕਹਿੰਦਾ ਹੈ-

'ਮਹਾ ਬਿਖਾਦੀ ਦੁਸ਼ਟ ਅਪਵਾਦੀ' ਪੰਜਾਂ ਤਤਾਂ ਨੂੰ ਕਹਿੰਦੇ ਹਨ। ਇਨਸਾਨ ਪੰਜਾਂ ਤਤਾਂ ਦੇ ਮੋਹ ਵਿਚ ਫਸ ਗਿਆ ਹੈ।'

(ਦੇਖੋ ਸੰਤ ਨਿਰੰਕਾਰੀ ਮਈ ੧੯੬੪ ਪੰਨਾ ੭)

ਗੁਰਬਾਣੀ ਵਿਚ 'ਮਹਾ ਬਿਖਾਦੀ ਦੁਸਟ ਅਪਵਾਦੀ' ਪੰਜਾਂ ਤਤਾਂ ਨੂੰ ਨਹੀਂ ਬਲਕਿ ਪੰਜ ਵਿਸ਼ਿਆਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਕਿਹਾ ਗਿਆ ਹੈ। ਜਿਹਾ ਕਿ ਗੁਰਬਾਣੀ ਦੇ ਵਾਕ ਹਨ-

(੧) ਪੰਚ ਬਿਖਾਦੀ ਏਕ ਗਰੀਬਾ ਰਾਖਹੁ ਰਾਖਨਹਾਰੇ ॥
(੨) ਪੰਚ ਦੋਖ ਅਸਾਧ ਜਾ ਮਹਿ ਤਾਕੀ ਕੇਤਕ ਆਸ ॥

ਪੰਜ ਵਿਸ਼ੇ ਜਾਂ ਵਿਕਾਰ ਕੇਵਲ ਮਨੁਖ ਜਾਂ ਸਜੀਵ ਰਚਨਾ ਵਿਚ ਹੀ ਹਨ। ਤੱਤਾਂ ਤੋਂ ਬਣੀ ਹੋਈ ਜੜ੍ਹ ਰਚਨਾ ਵਿਚ ਨਹੀਂ ਹਨ।

Digitized by Panjab Digital Library | www.panjabdigilib.org

੭.

ਉੜ ਗਿਆ ਆਵਾ

ਭਾਈ ਗੁਰਦਾਸ ਜੀ ਦਾ ਕਥਨ ਹੈ-

ਅੰਨਾ ਆਗੂ ਜੇ ਥੀਐ ਸਭ ਸਾਥ ਮੁਹਾਵੈ।

ਭਾਵ ਜਿਸ ਜਮਾਤ ਦਾ ਆਗੂ ਅੰਨ੍ਹਾ ਜਾਂ ਅਨਜਾਣ ਹੋਵੇ, ਉਹ ਸਾਥੀਆਂ ਨੂੰ ਗੁਮਰਾਹ ਕਰਦਾ ਹੈ। ਇਹੀ ਹਾਲਤ ਨਕਲੀ ਨਿਰੰਕਾਰੀ ਤੇ ਉਸ ਦੇ ਚੇਲਿਆਂ ਦੀ ਹੈ।

ਪੰਜਾਬੀ ਦੀ ਇਕ ਕਹਾਵਤ ਹੈ-'ਇਕ ਨੂੰ ਕੀ ਰੋਂਦੀ ਏਂ ਊਤ ਗਿਆ ਆਵਾ', ਇਸ ਅਨੁਸਾਰ ਜਿਥੇ ਭਾਈ ਅਵਤਾਰ ਸਿੰਘ ਤੇ ਉਸ ਦਾ ਪੁਤਰ ਗੁਰਬਾਣੀ, ਭਾਰਤ ਦੀ ਫਿਲਾਸਫੀ, ਇਤਿਹਾਸ ਆਦਿਕ ਕੁਝ ਨਹੀਂ ਜਾਣਦੇ, ਉਥੇ ਇਨ੍ਹਾਂ ਨੂੰ ਮੰਨਣ ਵਾਲੇ ਵੀ ਹਨੇਰਾ ਢੋਈ ਜਾਂਦੇ ਹਨ।

ਉਦਾਹਰਣ ਲਈ ਭਾਈ ਲਾਭ ਸਿੰਘ ਪ੍ਰਧਾਨ ਨਕਲੀ ਨਿਰੰਕਾਰੀ ਸੰਤ ਮੰਡਲ ਦਿਲੀ ਆਪਣੇ ਰਸਾਲੇ ਸੰਤ ਨਿਰੰਕਾਰੀ ਮਹੀਨਾ ਜੂਨ ੧੯੬੪ ਦੇ ਸਫਾ ੫੮-੫੧ ਪਰ ਲਿਖਦੇ ਹਨ-

'ਸੰਤ ਨਿਰੰਕਾਰੀ ਰਸਾਲੇ ਦੇ ਲੇਖ ਅਨੁਭਵੀ ਗਿਆਨ ਦੁਆਰਾ ਲਿਖੇ ਜਾਂਦੇ ਹਨ। ਇਹ ਲੇਖ ਐਸੇ ਕਰਤਵ ਲਿਖਦੇ ਹਨ, ਜੈਸੇ ਰਵਿਦਾਸ ਚਮਾਰ, ਧੰਨਾ ਜੱਟ, ਸੈਣ ਨਾਈ, ਕਬੀਰ ਜੁਲਾਹਾ ਆਦਿ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ, ਕਰੀਬਨ ੮੦-੮੨ ਬਜ਼ੁਰਗਾਂ ਦੀ,

Digitized by Panjab Digital Library | www.panjabdigilib.org

ਜਿਨ੍ਹਾਂ ਵਿਚ ਛੇ ਗੁਰੂ ਸਾਹਿਬ ਅਤੇ ਬਾਕੀ ਭਗਤ ਚਾਰੇ ਵਰਨਾਂ ਦੇ।'

ਇਸ ਦਾ ਮਤਲਬ ਇਹ ਹੈ ਕਿ ਜਿਥੇ ਨਕਲੀ ਨਿਰੰਕਾਰੀ ਗੁਰੂ ਭਾਈ ਅਵਤਾਰ ਸਿੰਘ ਇਹ ਨਹੀਂ ਜਾਣਦਾ ਕਿ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਕਿਤਨੇ ਸੰਤਾਂ ਅਤੇ ਭਗਤਾਂ ਦੀ ਬਾਣੀ ਹੈ, ਉਥੇ ਨਕਲੀ ਨਿਰੰਕਾਰੀ ਮੰਡਲ ਦੇ ਪ੍ਰਧਾਨ ਭਾਈ ਲਾਭ ਸਿੰਘ ਜੀ ਵੀ ਹਨੇਰਾ ਢੋ ਰਹੇ ਹਨ। ਗੁਰੂ ੪੦ ੫੦ ਦੀ ਬਾਣੀ ਦਸੇ ਤੇ ਪ੍ਰਧਾਨ ਹੁਰੀ ੮੦-੮੦ ਬਜ਼ੁਰਗਾਂ ਦੀ ਬਾਣੀ ਦਸਣ, ਇਹ ਅਤਿ ਹਾਸੋਹੀਣੀ ਤੇ ਆਪਾ-ਵਿਰੋਧੀ ਗੱਲ ਹੈ। ਇਸ ਕਿਸਮ ਦੀਆਂ ਗਲਤ ਲਿਖਤਾਂ ਨੂੰ 'ਅਨੁਭਵੀ ਗਿਆਨ' ਕਹਿਣਾ ਹਮਾਕਤ ਹੈ।

ਇਕ ਹੋਰ ਲੇਖ ਵਿਚ ਭਾਈ ਲਾਭ ਸਿੰਘ 'ਯੁਗ ਪੁਰਸ਼' ਦੇ ਸਿਰਲੇਖ ਹੇਠਾਂ ਲਿਖਦੇ ਹਨ–

'ਗੁਰੂ ਗ੍ਰੰਥ ਸਾਹਿਬ ਦਾ ਮਤਲਬ ਹੈ ਕਿ ਗੁਰੂ ਦਾ ਗ੍ਰੰਥ। ਸ੍ਰੀ ਗੁਰੂ ਗ੍ਰੰਥ ਭਾਵ ਕਿ ਸ਼ਰੋਮਣੀ ਗਰੰਥ, ਕਿਉਂਕਿ ਕਲਜੁਗ ਦੇ ਸਮੇਂ ਵਿਚ ਇਨਸਾਨ ਦੀਆਂ ਬੁਧੀਆਂ ਪਰਮਾਰਥ ਵਲੋਂ ਹਟ ਗਈਆਂ ਹਨ ਤੇ ਇਹ ਕੌਂਸਲੀ ਕਾਨੂੰਨ ਹੈ, ਜਿਸ ਵਿਚ ਚਾਰੇ ਵਰਨਾਂ ਦੇ ਰੱਬੀ ਬੰਦਿਆਂ ਦੇ ਖਿਆਲ ਇਕਠੇ ਕੀਤੇ ਗਏ ਹਨ। ਜਿਤਨੇ ਵੀ ਗਰੰਥ ਮੌਜੂਦ ਹਨ, ਉਨ੍ਹਾਂ ਵਿਚ ਗੱਲ ਤਾਂ ਇਕੋ ਹੀ ਲਿਖੀ ਹੈ ਲੇਕਿਨ ਹਰ ਇਕ ਵਿਚ ਇਕ ਇਕ ਬਜ਼ੁਰਗ ਦੀ ਲਿਖਤ ਹੈ। ਐਪਰ ਇਸ ਗਰੰਥ ਵਿਚ ੭੦-੭੨ ਆਲਮਾਂ ਦੀ ਲਿਖਤ ਮੌਜੂਦ ਹੈ, ਜਿਹੜੇ ਕਿਸੇ ਜਾਤ, ਮਜ਼ਹਬ, ਧਰਮ ਨੂੰ ਮੰਨਣ ਵਾਲੇ ਨਹੀਂ ਹਨ।' (ਵੇਖੋ ਸੰਤ ਨਿਰੰਕਾਰੀ ਅਗਸਤ ੧੯੬੪)

ਅਨੁਭਵ ਪ੍ਰਕਾਸ਼ ਜਾਂ ਗਿਆਨ ਉਹ ਹੈ, ਜੋ ਸਤ ਪੁਰਸ਼ਾਂ, ਸੰਤਾਂ

Digitized by Panjab Digital Library | www.panjabdigilib.org

ਮਹਾਤਮਾ ਅਤੇ ਬ੍ਰਹਮ ਰਿਸ਼ੀਆਂ ਨੂੰ ਹੁੰਦਾ ਹੈ। ਉਹ ਗਿਆਨ ਜੀਵਨ ਦਾ ਪਰਮ ਤੱਤ ਅਤੇ ਅਟੱਲ ਸਚਿਆਈ ਸਮਝਿਆ ਜਾਂਦਾ ਹੈ। ਨਕਲੀ ਨਿਰੰਕਾਰੀ ਮੰਡਲ ਦੇ ਪ੍ਰਧਾਨ ਭਾਈ ਲਾਭ ਸਿੰਘ ਦੇ ਅਨੁਭਵੀ ਲੇਖਾਂ ਦਾ ਨਮੂਨਾ ਪਾਠਕ ਵੇਖ ਲੈਣ। ਜੂਨ ੧੯੬੪ ਦੇ 'ਸੰਤ ਨਿਰੰਕਾਰੀ' ਵਿਚ ਇਹ ਲਿਖਦੇ ਹਨ-

'ਸ੍ਰੀ ਗੁਰੂ ਗਰੰਥ ਸਾਹਿਬ ਵਿਚ ੮੦-੮੨ ਬਜ਼ੁਰਗਾਂ ਦੀ ਬਾਣੀ ਹੈ, ਜਿਨ੍ਹਾਂ ਵਿਚ ਛੇ ਗੁਰੂ ਸਾਹਿਬ ਅਤੇ ਭਗਤ ਚਾਰੇ ਵਰਨਾਂ ਦੇ ਹਨ।'

ਪਰ ਉਹੀ ਭਾਈ ਲਾਭ ਸਿੰਘ ਅਗਸਤ ੧੯੬੪ ਦੇ 'ਸੰਤ ਨਿਰੰਕਾਰੀ' ਵਿਚ ਲਿਖੇ-

'ਇਸ ਗਰੰਥ ਵਿਚ ੭੦-੭੨ ਆਲਮਾਂ ਦੀ ਲਿਖਤ ਮੌਜੂਦ ਹੈ।'

ਇਸ ਤੋਂ ਵਧ ਕੇ ਆਪਾ ਵਿਰੋਧ ਤੇ ਝਲ ਪੁਣਾ ਕੀ ਹੋ ਸਕਦਾ ਹੈ? ਫਾਰਸੀ ਦੀ ਕਹਾਵਤ ਹੈ-

'ਦਰੋਗ ਗੋ ਹਾਫਜ਼ਾ ਨਾ ਬਾਸ਼ਦ'

ਭਾਵ-ਝੂਠ ਬੋਲਣ ਵਾਲੇ ਦਾ ਚੇਤਾ ਨਹੀਂ ਹੁੰਦਾ। ਇਹ ਕਹਾਵਤ ਭਾਈ ਜੀ ਤੇ ਠੀਕ ਢੁਕਦੀ ਹੈ।

ਉਰਦੂ ਦੀ ਇਕ ਕਹਾਵਤ ਹੈ-ਬੜੇ ਮੀਆਂ ਤੇ ਬੜੇ ਮੀਆਂ ਛੋਟੇ ਮੀਆਂ ਸੁਬਹਾਨ ਅੱਲਾ।' ਨਕਲੀ ਨਿਰੰਕਾਰੀ ਟੋਲੇ ਦੇ ਇਕ ਹੋਰ ਲੇਖਕ ਸ: ਹਰਬੰਸ ਸਿੰਘ 'ਤਾਲਬ' ਬਰਨਾਲਾ ਰਸਾਲਾ 'ਸੰਤ ਨਿਰੰਕਾਰੀ' ਜੂਨ ੧੯੬੪ ਦੇ ਪਰਚੇ ਵਿਚ 'ਗੁਰਬਾਣੀ ਕੀ ਹੈ?' ਦੇ ਸਿਰਲੇਖ ਹੇਠਾਂ ਕਮਲੀਆਂ ਭੇਰਦੇ ਹੋਏ ਲਿਖਦੇ ਹਨ-

'ਸਿਖਾਂ ਨੂੰ ਲਵੇ, ਬਾਹਰ ਪੰਜ ਚਿੰਨ੍ਹ ਬਣਾ ਦਿਤੇ।

Digitized by Panjab Digital Library | www.panjabdigilib.org

ਸਵੇਰੇ ਉਠਦਿਆਂ ੫-੭ ਜਾਂ ੧੦ ਜਾਂ ਹੋਰ ਜਿੰਨੀਆਂ ਹੋ ਸਕਣ, ਮਹਾਪੁਰਸ਼ਾਂ, ਗੁਰੂਆਂ, ਪੀਰਾਂ ਦੀਆਂ ਨਸੀਹਤਾਂ ਅਤੇ ਮਿਸਾਲਾਂ ਨੂੰ ਗੁਰਬਾਣੀ ਦਾ ਨਾਮ ਦੇ ਕੇ ਰਟਨ ਕਰਨ ਦਾ ਰਿਵਾਜ ਪਾ ਦਿਤਾ। **੯੪ ਮਹਾਪੁਰਸ਼ਾਂ ਦੀਆਂ ਲਿਖਤਾਂ ਨੂੰ ਕਠਿਆਂ ਕੀਤਾ, ਅਵਸ਼ ਹੀ ਇਕ ਗ੍ਰੰਥ ਦਾ ਵਜੂਦ ਹੋਣਾ ਸੀ ਤੇ ਉਸ ਸਾਰੇ ਇਕਠ ਨੂੰ ਗੁਰੂ ਦਾ ਨਾਮ ਦੇ ਦਿਤਾ।'**

ਪੰਜਾਬ ਵਿਚ ਸ: ਨਰਿੰਜਨ ਸਿੰਘ 'ਤਾਲਬ' ਜਾਂ ਸ: ਗੁਰਬਚਨ ਸਿੰਘ 'ਤਾਲਬ' ਤਾਂ ਪ੍ਰਸਿਧ ਸਨ। ਪਰ ਤੀਸਰੇ ਤਾਲਬ ਦਾ ਨਾਂ ਕੋਈ ਨਹੀਂ ਜਾਣਦਾ। ਅਜੇਹੇ 'ਤਖ਼ਲਸ ਚੋਰ' ਸ਼ਾਇਰਾਂ ਤੇ ਲੇਖਕਾਂ ਬਾਰੇ 'ਅਮੀਰ' ਨੇ ਕਿਹਾ ਹੈ

ਸ਼ਾਇਰਾਨੇ ਹਾਲ ਕਿਆ ਮਜ਼ਮੂਨ ਬਾਧੇਂ ਐ 'ਅਮੀਰ'
ਢੂੰਡਤੇ ਹੈਂ ਪਰ ਤਖ਼ਲਸ ਭੀ ਨਿਆ ਮਿਲਤਾ ਨਹੀਂ।

ਸ: ਹਰਬੰਸ ਸਿੰਘ ਵਲੋਂ ਆਪਣੀ ਲਿਖਤ ਵਿਚ ਸਿਰ ਲੇਖ 'ਗੁਰਬਾਣੀ ਕੀ ਹੈ ?' ਹੇਠ ਕਕਾਰਾਂ ਦੀ ਬਹਿਸ ਸ਼ੁਰੂ ਕਰ ਦੇਣੀ ਪਰਲੇ ਦਰਜੇ ਦੀ ਮੂਰਖਤਾ ਹੈ। ਇਸ ਲਿਖਤ ਤੋਂ ਇਹ ਵੀ ਸਿਧ ਹੁੰਦਾ ਹੈ ਕਿ ਨਕਲੀ ਨਿਰੰਕਾਰੀ ਭਾਈ ਅਵਤਾਰ ਸਿੰਘ ਅਤੇ ਉਸ ਦੇ ਚੇਲੇ ਬਾਲਕੇ ਸਿਖ ਨਹੀਂ ਹਨ। ਉਹ ਪੰਜ ਕਕਾਰਾਂ ਪਰ ਨਿਸਚਾ ਨਹੀਂ ਰਖਦੇ। ਅਸੀਂ ਸ: ਹਰਬੰਸ ਸਿੰਘ ਤੋਂ ਪੁਛਦੇ ਹਾਂ ਕਿ ਭਾਈ ਅਵਤਾਰ ਸਿੰਘ, ਉਸ ਦੇ ਪੁਤ੍ਰ ਜਾਂ ਤੁਸੀਂ ਆਪ ਕਿਉਂ ਦਾਹੜੀ ਕੇਸ ਰਖੇ ਹੋਏ ਹਨ ? ਜੇ ਗੁਰੂਆਂ ਪੀਰਾਂ ਦੀਆਂ ਨਸੀਹਤਾਂ ਰਟਣ ਦਾ ਕੋਈ ਲਾਭ ਨਹੀਂ ਤਾਂ ਨਕਲੀ ਨਿਰੰਕਾਰੀ ਤੇ ਉਸ ਦਾ ਪੁਤ੍ਰ ਗੁਰਬਾਣੀ ਦੇ ਸ਼ਬਦਾਂ ਦੀ ਕਥਾ ਕਾਹਦੇ ਲਈ ਕਰਦੇ ਹਨ ?

Digitized by Panjab Digital Library | www.panjabdigilib.org

ਹਿੰਦੂ, ਮੁਸਲਮਾਨ, ਈਸਾਈ, ਬੋਧੀ ਤੇ ਪਾਰਸੀ ਸਾਰੇ ਆਪਣੇ ਬਜ਼ੁਰਗਾਂ ਦੀ ਬਾਣੀ ਤੇ ਕਲਾਮ ਨੂੰ ਪੜ੍ਹਦੇ ਹਨ। ਸਿਖ ਕੇਵਲ ਗੁਰ- ਬਾਣੀ ਪੜ੍ਹਦੇ ਹੀ ਨਹੀ, ਉਸ ਨੂੰ ਈਸ਼ਵਰੀ ਗਿਆਨ ਤੇ ਗੁਰੂ ਦਾ ਆਤਮਿਕ ਸਰੂਪ ਸਮਝਦੇ ਹਨ। ਇਸ ਵਿਚ ਮਾੜੀ ਗਲ ਕੀ ਹੈ ?

ਜਿਸ ਤਰ੍ਹਾਂ ਝੂਠੇ ਗਵਾਹਾਂ ਦੇ ਬਿਆਨ ਆਪਸ ਵਿਚ ਨਹੀਂ ਮਿਲਦੇ, ਇਸੇ ਤਰ੍ਹਾਂ ਨਕਲੀ ਨਿਰੰਕਾਰੀ ਭਾਈ ਅਵਤਾਰ ਸਿੰਘ, ਭਾਈ ਲਾਭ ਸਿੰਘ ਅਤੇ ਸ: ਹਰਬੰਸ ਸਿੰਘ ਦੀਆਂ ਲਿਖਤਾਂ ਆਪਾ- ਵਿਰੋਧੀ ਹਨ। ਇਕ ਦੂਜ ਦਾ ਖੰਡਨ ਕਰਦੀਆਂ ਹਨ। ਕਲਜੁਗੀ ਗੁਰੂ ਕਹਿੰਦਾ ਹੈ ਕਿ ਸ੍ਰੀ ਗੁਰੂ ਗਰੰਥ ਸਾਹਿਬ ੪੦ ੫੦ ਸੰਤਾਂ ਭਗਤਾਂ ਦੀ ਬਾਣੀ ਹੈ। ਭਾਈ ਲਾਭ ਸਿੰਘ ਕਦੀ ੧੦-੮੨ ਤੇ ਕਦੀ ੭੦-੭੨ ਦੀ ਬਾਣੀ ਦਸਦਾ ਹੈ। ਸ: ਹਰਬੰਸ ਸਿੰਘ ੮੪ ਪੁਰਸ਼ਾਂ ਦੀ ਬਾਣੀ ਦਸਦੇ ਹਨ। ਇਹ ਇਸ ਗਲ ਦਾ ਸਬੂਤ ਹੈ ਕਿ ਇਹ ਤਿੰਨੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਬਾਣੀ ਬਾਰੇ ਕੁਝ ਨਹੀਂ ਜਾਣਦੇ। ਭੋਲ਼ੇ ਭਾਲੇ ਲੋਕਾਂ ਨੂੰ ਧੋਖਾ ਦੇਣ ਲਈ ਗੁਰਬਾਣੀ ਦੀ ਆੜ ਲੈਂਦੇ ਹਨ। ਜਿਨ੍ਹਾਂ ਨੂੰ ਇਹ ਇਲਮ ਨਹੀਂ ਕਿ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਕਿਤਨੇ ਸੰਤਾਂ ਭਗਤਾਂ ਦੀ ਬਾਣੀ ਹੈ, ਉਨ੍ਹਾਂ ਨੂੰ ਬਾਣੀ ਦੇ ਸਿਧਾਂਤਾਂ ਤੇ ਫਿਲਾਸਫੀ ਦਾ ਕੀ ਪਤਾ ਹੋ ਸਕਦਾ ਹੈ ?

ਸ: ਹਰਬੰਸ ਸਿੰਘ ਬਰਨਾਲਾ ਆਪਣੇ ਲੇਖ 'ਗੁਰਬਾਣੀ ਕੀ ਹੈ ?' ਵਿਚ ਅਗੇ ਚਲ ਕੇ ਲਿਖਦੇ ਹਨ—

> 'ਕਾਨੂੰਨੀ ਧਾਰਾਵਾਂ ਦੇ ਏਨੇ ਵਡੇ ਗਰੰਥ ਨੂੰ ਬਾਣੀ ਕਿਸ ਤਰ੍ਹਾਂ ਕਹਿ ਸਕਦੇ ਹਾਂ ? ਹਾਂ, ਲਿਖਤ ਤੇ ਨਸੀਹਤਾਂ ਜ਼ਰੂਰ ਹਨ। **ਬਾਣੀ ਦਾ ਲਫ਼ਜ਼ ਤਾਂ ਮਹਿਦੂਦ ਹੈ ਮੂੰਹ ਦੀ ਆਵਾਜ਼ ਤਕ। ਗੁਰਬਾਣੀ**

Digitized by Panjab Digital Library | www.panjabdigilib.org

ਗੁਰੂ ਦੇ ਮੂੰਹ ਦੀ ਆਵਾਜ਼ । ਗੁਰਬਾਣੀ ਗੁਰੂ ਦੀ ਉਹ ਆਵਾਜ਼ ਹੈ ਜਿਹੜੀ ਕਿ ਸਿਖ ਦੇ ਪੁਛਣ ਤੇ ਕਿਹੜਾ ਨਿਰੰਕਾਰ ਹੈ ? ਤੇ ਗੁਰੂ ਦੇ ਮੂੰਹ ਤੋਂ ਆਵਾਜ਼ ਨਿਕਲਦੀ ਹੈ ਕਿ 'ਇਹ'। ਬਸ 'ਇਹ' ਦੀ ਆਵਾਜ਼ ਜਿਹੜੀ ਕਿ ਗੁਰੂ ਦੇ ਮੂੰਹ ਚੋਂ ਨਿਕਲੀ ਤੇ ਸਿਖ ਦੇ ਕੰਨ ਵਿਚ ਪਈ, ਇਹ ਹੈ ਗੁਰਬਾਣੀ।'

(ਰਸਾਲਾ ਸੰਤ ਨਿਰੰਕਾਰੀ ਜੂਨ ੧੯੬੪ ਸਫਾ ੨੮)

ਨਕਲੀ ਨਿਰੰਕਾਰੀ ਦੇ ਚੇਲੇ ਦਾ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਕਾਨੂੰਨੀ ਧਾਰਾਵਾਂ ਦਾ ਗਰੰਥ ਪਰਗਟ ਕਰਨਾ ਵੀ ਵਡੀ ਮੂਰਖਤਾ ਹੈ।

ਸਾਡੇ ਦੇਸ਼ ਦੇ ਧਾਰਮਿਕ ਸਾਹਿਤ ਵਿਚ ਵੇਦ, ਉਪਨਿਸ਼ਦ, ਗੀਤਾ ਤੇ ਸ੍ਰੀ ਗੁਰੂ ਗਰੰਥ ਸਾਹਿਬ ਅਧਿਆਤਮਿਕ ਗਰੰਥ ਮੰਨੇ ਜਾਂਦੇ ਹਨ। ਛੇ ਸ਼ਾਸਤ੍ਰ ਫਿਲਾਸਫੀ ਦੇ ਅਤੇ ਮਨੂੰ ਸਿਮ੍ਰਤੀ ਜਾਂ ਹੋਰ ਸਿਮ੍ਰਤੀਆਂ ਕ਼ਾਨੂੰਨ ਦੇ ਗਰੰਥ ਸਮਝੇ ਜਾਂਦੇ ਹਨ, ਜਿਨ੍ਹਾਂ ਵਿਚ ਸਮਾਜਕ ਨੇਮ, ਦੰਡ ਜਾਂ ਵਿਧਾਨ ਨੂੰ ਵਰਣਨ ਕੀਤਾ ਗਿਆ ਹੈ। ਪਰ ਕੋਈ ਕਾਨੂੰਨਦਾਨ ਇਹ ਨਹੀਂ ਮੰਨ ਸਕਦਾ ਕਿ ਸ੍ਰੀ ਗੁਰੂ ਗਰੰਥ ਸਾਹਿਬ ਕਾਨੂੰਨੀ ਧਾਰਾਵਾਂ ਦਾ ਕੋਈ ਗਰੰਥ ਹੈ।

ਗੁਰਬਾਣੀ '੧ ਓ ਸਤਿਨਾਮੁ ਕਰਤਾ ਪੁਰਖੁ' ਤੋਂ ਆਰੰਭ ਹੁੰਦੀ ਹੈ ਤੇ ਮੁਦਾਵਣੀ ਅਰਥਾਤ 'ਨਾਨਕ ਨਾਮ ਮਿਲੈ ਤਾ ਜੀਵਾ ਤਨੁ ਮਨੁ ਥੀਵੈ ਹਰਿਆ' ਤੇ ਸੰਪੂਰਨ ਹੁੰਦੀ ਹੈ। ਇਸ ਵਿਚ ਭਗਤੀ, ਗਿਆਨ, ਵੈਰਾਗ, ਸਤ ਸੰਤੋਖ, ਦਇਆ, ਧਰਮ, ਕਰਮ ਫਲ ਅਤੇ

Digitized by Panjab Digital Library | www.panjabdigilib.org

ਹੋਰ ਅਧਿਆਤਮਕ ਵਿਸ਼ਿਆਂ ਦਾ ਵਰਣਨ ਕੀਤਾ ਗਿਆ ਹੈ। ਸੰਖੇਪ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਵਿਚ ਨਾਮ, ਨਾਮੀ ਅਤੇ ਨਾਮ ਜਪਣ ਵਾਲਿਆਂ ਦਾ ਵਰਣਨ ਹੈ। ਇਸ ਨੂੰ ਕਾਨੂੰਨੀ ਧਾਰਾਵਾਂ ਦਾ ਗਰੰਥ ਦਸਣਾ ਅਧਿਆਤਮਵਾਦ ਅਤੇ ਕਾਨੂੰਨ ਦੋਹਾਂ ਤੋਂ ਅਨਜਾਣ ਹੋਣ ਦਾ ਸਬੂਤ ਹੈ।

ਇਕੋ ਸਤਰ ਵਿਚ ਲੇਖਕ ਗੁਰਬਾਣੀ ਨੂੰ ਕਾਨੂੰਨੀ ਧਾਰਾਵਾਂ ਦਾ ਗਰੰਥ ਦਸਦਾ ਹੈ ਤੇ ਨਾਲ ਹੀ 'ਨਸੀਹਤ' ਬਿਆਨ ਕਰਦਾ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਉਹ ਏਨਾ ਮੂਰਖ ਹੈ ਕਿ 'ਕਾਨੂੰਨ' ਅਤੇ 'ਨਸੀਹਤਾਂ' ਦਾ ਫਰਕ ਹੀ ਨਹੀਂ ਸਮਝਦਾ। ਆਪਣੀ ਲਿਖਤ ਵਿਚ ਆਪਣੀ ਗਲ ਨੂੰ ਆਪ ਹੀ ਕਟਦਾ ਹੈ। ਕਾਨੂੰਨ ਵਿਚ ਦੰਡ ਅਤੇ ਵਿਧਾਨ ਹੁੰਦਾ ਹੈ, ਨਸੀਹਤ ਨਹੀਂ ਹੁੰਦੀ।

ਕੋਈ ਕਾਨੂੰਨਦਾਨ ਜਾਂ ਅਦਾਲਤ ਇਹ ਨਹੀਂ ਮੰਨ ਸਕਦੀ ਅਤੇ ਨਾ ਹੀ ਅਜ ਤੀਕ ਇਸ ਕਿਸਮ ਦਾ ਕੋਈ ਅਦਾਲਤੀ ਫੈਸਲਾ ਹੈ, ਜਿਸ ਵਿਚ ਲਿਖਿਆ ਹੋਇਆ ਹੋਵੇ ਕਿ ਸ੍ਰੀ ਗੁਰੂ ਗਰੰਥ ਸਾਹਿਬ 'ਕਾਨੂੰਨੀ ਧਾਰਾਵਾਂ' ਦਾ ਗਰੰਥ ਹੈ। ਜੇ ਇਹ ਕਾਨੂੰਨੀ ਧਾਰਾਵਾਂ ਦਾ ਗਰੰਥ ਹੈ ਤਾਂ ਨਕਲੀ ਨਿਰੰਕਾਰੀ ਭਾਈ ਅਵਤਾਰ ਸਿੰਘ ਤੇ ਉਸ ਦਾ ਪੁਤਰ ਗੁਰਬਾਣੀ ਦੇ ਸ਼ਬਦਾਂ ਦੀ ਕਥਾ ਕਿਉਂ ਕਰਦੇ ਹਨ ਅਤੇ ਆਪਣੇ ਰਸਾਲੇ ਵਿਚ ਛਪਵਾਉਂਦੇ ਹਨ? ਕੀ ਉਹ ਵਕੀਲ ਹਨ ਜੋ ਕਾਨੂੰਨ ਦੀ ਵਿਆਖਿਆ ਕਰਦੇ ਹਨ? ਕੀ 'ਸੰਤ ਨਿਰੰਕਾਰੀ' ਕੋਈ ਕਾਨੂੰਨੀ ਰਸਾਲਾ ਹੈ? ਹਰਗਿਜ਼ ਨਹੀਂ।

ਇਸ ਤੋਂ ਸਾਬਤ ਹੁੰਦਾ ਹੈ ਕਿ ਸ: ਹਰਬੰਸ ਸਿੰਘ ਭਾਰਤੀ ਫਿਲਾਸਫੀ ਬਿਲਕੁਲ ਨਹੀਂ ਪੜ੍ਹੇ ਹੋਏ। ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਬਾਣੀ ਕਿਸ ਨੂੰ ਕਹਿੰਦੇ ਹਨ ਤੇ ਉਹ ਕਿਤਨੀ ਕਿਸਮ ਦੀ ਹੈ। ਜਿਸ ਤਰ੍ਹਾਂ ਨਕਲੀ ਨਿਰੰਕਾਰੀ ਢਕੌਂਸਲੀਆਂ ਮਾਰਦਾ ਹੈ, ਉਸੇ ਤਰ੍ਹਾਂ ਦੀ ਗੱਲ ਸ: ਹਰਬੰਸ ਸਿੰਘ ਨੇ ਕੀਤੀ ਹੈ। ਜਿਸ ਮਕਾਨ ਦੀ ਨੀਂਹ ਵਿੰਗੀ

Digitized by Panjab Digital Library | www.panjabdigilib.org

ਹੋਵੇ, ਉਸਦੀਆਂ ਕੰਧਾਂ ਵੀ ਵਿੰਗੀਆਂ ਹੀ ਹੁੰਦੀਆਂ ਹਨ। ਇਸ ਨੂੰ ਉਨ੍ਹਾਂ ਨੇ ਸਾਬਤ ਕੀਤਾ ਹੈ।

ਭਾਰਤ ਦੇ ਰਿਸ਼ੀਆਂ ਨੇ ਚਾਰ ਕਿਸਮ ਦੀ ਬਾਣੀ ਦਸੀ ਹੈ- ਪਰਾ, ਪਸ਼ਯੰਤੀ, ਮੱਧਮਾ ਅਤੇ ਬੈਖਰੀ। ਬੈਖਰੀ ਬਾਣੀ ਦਾ ਅੰਤਮ ਸਰੂਪ ਹੈ, ਜਦ ਕਿ ਮਨ ਵਿਚ ਉਪਜਿਆ ਕੋਈ ਖਿਆਲ, ਤਾਲੂ, ਜੀਭ ਤੇ ਬੁਲ੍ਹਾਂ ਦੇ ਮੇਲ ਤੋਂ ਸ਼ਬਦਾਂ ਦਾ ਜੋੜ ਬਣ ਕੇ ਬਾਣੀ ਰੂਪ ਵਿਚ ਪ੍ਰਗਟ ਹੁੰਦਾ ਹੈ। ਕੇਵਲ ਇਕ ਸ਼ਬਦ 'ਇਹ ਨਿਰੰਕਾਰ ਹੈ' ਨੂੰ ਗੁਰ-ਬਾਣੀ ਕਹਿਣਾ ਪਰਲ ਦਰਜੇ ਦਾ ਝੂਠ ਪੁਣਾ ਹੈ।

ਜਿਹੜਾ ਨਿਰਾਕਾਰ ਸ੍ਰੀ ਵਾਹਿਗੁਰੂ ਸ਼ਬਦ, ਸਪਰਸ਼, ਰੂਪ, ਰਸ ਗੰਧ, ਮਨ ਅਤੇ ਬਾਣੀ ਤੋਂ ਪਰੇ ਹੈ, ਉਸ ਨੂੰ ਕੋਈ ਆਦਮੀ 'ਇਹ ਨਿਰੰਕਾਰ ਹੈ' ਨਹੀਂ ਕਹਿ ਸਕਦਾ। ਜੋ ਕਹਿੰਦਾ ਹੈ, ਉਹ ਲੋਕਾਂ ਨਾਲ ਧੋਖਾ ਕਰਦਾ ਹੈ।

ਦੂਜੀ ਗੱਲ ਇਹ ਹੈ ਕਿ ਜੇ ਸਿਖ ਗੁਰੂ ਕੋਲੋਂ ਪੁਛਦਾ ਹੈ ਕਿ ਆਤਮਾ ਕੀ ਹੈ? ਨੇਕੀ ਬਦੀ ਤੇ ਉਸ ਦਾ ਫਲ ਕੀ ਹੈ? ਤੇ ਗੁਰੂ ਉਸ ਦੇ ਪ੍ਰਸ਼ਨਾਂ ਦਾ ਜਵਾਬ ਦੇਂਦਾ ਹੈ ਤਾਂ ਕੀ ਉਹ ਗੁਰਬਾਣੀ ਨਹੀਂ ਹੋਵੇਗੀ? ਜ਼ਰੂਰ ਹੋਵੇਗੀ। ਕੇਵਲ ਇਕ ਸ਼ਬਦ 'ਇਹ' ਕਹਿਣ ਨਾਲ ਗੁਰਬਾਣੀ ਦੇ ਲਛਣ ਨਹੀਂ ਹੋ ਸਕਦੇ।

ਅਸੀਂ ਸ: ਹਰਬੰਸ ਸਿੰਘ ਨੂੰ ਪੁਛਦੇ ਹਾਂ ਕਿ ਜੇ 'ਇਹ' ਨਿਰੰਕਾਰ ਕਹਿਣਾ ਹੀ ਗੁਰਬਾਣੀ ਹੈ ਤਾਂ ਨਕਲੀ ਨਿਰੰਕਾਰੀ ਭਾਈ ਅਵਤਾਰ ਸਿੰਘ ਨੇ ਕਿਸ ਕਵੀ ਪਾਸੋਂ ਕਵਿਤਾ ਲਿਖਵਾ ਕੇ ਆਪਣੇ ਨਾਮ ਪਰ ਜੋ ਪੁਸਤਕ 'ਅਵਤਾਰ ਬਾਣੀ ਛਪਵਾਈ ਹੈ, ਉਸ ਦੀ ਕੀ ਲੋੜ ਸੀ?

ਨਕਲੀ ਨਿਰੰਕਾਰੀ ਦੇ ਰਸਾਲੇ ਵਿਚ ਸਿਰਫ ਗੁਰੂ ਡੰਮ ਦੇ ਪ੍ਰਚਾਰ ਲਈ ਗੁਰਬਾਣੀ ਦੇ ਵਿਰੁਧ ਜੋ ਮਨਘੜਤ, ਗਲਤ, ਬੇਤੁਕੀਆਂ ਅਤੇ ਆਪਾ ਵਿਰੋਧੀ ਲਿਖਤਾਂ ਛਪਦੀਆਂ ਹਨ, ਉਨ੍ਹਾਂ ਦੇ ਕੁਝ ਹੋਰ ਨਮੂਨੇ ਅਸੀਂ ਪਾਠਕਾਂ ਦੀ ਸੇਵਾ ਵਿਚ ਪੇਸ਼ ਕਰਦੇ ਹਾਂ।

Digitized by Panjab Digital Library | www.panjabdigilib.org

ਰਸਾਲਾ ਸੰਤ ਨਿਰੰਕਾਰੀ ਮਹੀਨਾ ਅਗਸਤ ੧੯੬੪ ਦੇ ਸਫਾ ੨ ਉਤੇ ਸੰਪਾਦਕੀ ਲੇਖ ਵਿਚ ਲਿਖਿਆ ਹੈ-

'ਗੁਰਬਾਣੀ ਕੋਈ ਪੜ੍ਹਦਾ ਹੋਵੇ ਤਾਂ ਨਿਰੰਕਾਰੀ ਸ਼ਿਸ਼ ਆਪਣੀ ਥਾਂ ਝੂਮ ਉਠਦਾ ਹੈ, ਇਸ ਲਈ ਨਹੀਂ ਕਿ ਉਸ ਦੇ ਪਿਉ ਦਾਦੇ ਦੀ ਵਰਾਸਤ ਵਿਚ ਮਿਲੀ ਚੀਜ਼ ਹੈ, ਬਲਕਿ ਇਸ ਲਈ ਕਿ ਇਹ ਉਸ ਦੀ ਆਪਣੀ ਦਾਸਤਾਨ ਹੈ।'

ਗੁਰਬਾਣੀ ਸਤਿਗੁਰੂਆਂ ਤੇ ਕਈ ਭਗਤਾਂ ਦਾ ਆਤਮਿਕ ਅਨੁਭਵ ਜਾਂ ਉਹ ਗਿਆਨ ਹੈ ਜੋ ਅਕਾਲ ਪੁਰਖ ਨੇ ਉਨ੍ਹਾਂ ਨੂੰ ਬਖ਼ਸ਼ਿਆ ਹੈ। ਪ੍ਰਮਾਤਮਾ ਦੀ ਪ੍ਰਾਪਤੀ ਲਈ ਉਨ੍ਹਾਂ ਦੇ ਜੀਵਨ ਤਜਰਬਿਆਂ ਨੂੰ ਵੀ ਦਸਿਆ ਗਿਆ ਹੈ। ਇਹ ਕਿਸੇ ਸ਼ਰਾਬੀ ਕਬਾਬੀ, ਪਖੰਡੀ ਜਾਂ ਅੰਧ ਵਿਸ਼ਵਾਸੀ ਦੀ ਦਾਸਤਾਨ ਨਹੀਂ ਹੈ, ਬਲਕਿ ਕਬੀਰ ਜੀ ਦੇ ਕਥਨ ਅਨੁਸਾਰ 'ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰੁ' ਹੈ।

ਐਡੀਟਰ ਸੰਤ ਨਿਰੰਕਾਰੀ ਤਾਂ ਗੁਰਬਾਣੀ ਸੁਣ ਕੇ ਝੂਮ ਉਠਦੇ ਹਨ ਤੇ ਦੂਜੇ ਪਾਸੇ ਨਕਲੀ ਨਿਰੰਕਾਰੀ ਦੇ ਚੇਲੇ ਭਾਈ ਗੁਰਚਰਨ ਸਿੰਘ ਨੰਗਲ ਰਸਾਲਾ ਸੰਤ ਨਿਰੰਕਾਰੀ ਵਿਚ ਲਿਖਦੇ ਹਨ-

'ਦਾਸ ਨੂੰ ਗੁਰਬਾਣੀ ਪੜ੍ਹਨ ਦਾ ਸ਼ੌਂਕ ਸੀ, ਉਹ ਸਭ ਹੁਣ ਖਤਮ ਹੋ ਚੁਕਾ ਹੈ। ਨਿਰੰਕਾਰੀ ਪਾਠਕਾਂ ਤੋਂ ਇਲਾਵਾ ਬਾਕੀ ਪੜ੍ਹਨ ਵਾਲੇ ਹੈਰਾਨ ਹੋਣਗੇ ਕਿ ਸਚ ਮੁਚ ਹੀ ਖਤਮ ਹੋ ਚੁਕਾ ਹੈ।'

(ਵੇਖੋ ਸੰਤ ਨਿਰੰਕਾਰੀ ਅਪਰੈਲ ੧੯੬੪ ਸਫਾ ੩੧)

Digitized by Panjab Digital Library | www.panjabdigilib.org

ਇਸ ਤੋਂ ਵਧ ਕੇ ਕੋਈ ਡਬਲ ਠਗੀ ਹੋ ਨਹੀਂ ਸਕਦੀ।

'ਮਾਂ ਮਣਸੇ ਧੀ ਖਾਏ, ਘਰ ਦੀ ਬਲਾ ਬਾਹਰ ਨਾ ਜਾਏ' ਅਨੁਸਾਰ ਭਾਈ ਅਵਤਾਰ ਸਿੰਘ ਚਾਹੁੰਦਾ ਹੈ ਕਿ ਉਸ ਦੇ ਪੁਤ੍ਰ ਪੋਤਰੇ ਐਸ਼ ਮਾਰਨ। 'ਮਨ ਤੁਰਾ ਹਾਜੀ ਬਗੋਇਮ, ਤੂੰ ਮਰਾ ਮੁਲਾ ਬਗੋ' ਅਨੁਸਾਰ ਪੁਤ੍ਰ ਪਿਉ ਨੂੰ ਸ਼ਹਿਨਸ਼ਾਹ ਤੇ ਹਜ਼ੂਰ ਕਹੀ ਜਾਂਦਾ ਹੈ ਅਤੇ ਪਿਉ ਪੁਤਰ ਨੂੰ ਸਤਿਗੁਰੂ ਦਸਦਾ ਹੈ।

ਇਕ ਵੇਰ ਭਾਈ ਅਵਤਾਰ ਸਿੰਘ ਨੇ ਦਿਲੀ ਵਿਚ ਕਿਹਾ—

'ਸਾਧ ਸੰਗਤ ਜੀ! ਕੀ ਕੀਤਾ ਜਾਏ, ਪਹਿਲੇ ਤੁਹਾਨੂੰ ਯਕੀਨ ਦੁਆਇਆ ਹੈ ਨਿਰੰਕਾਰ ਤੇ ਇਸ ਨੂੰ ਪ੍ਰਗਟ ਕਰਕੇ ਦਸਿਆ ਹੈ ਕਿ ਇਹ ਨਿਰੰਕਾਰ ਹੈ। ਜਦੋਂ ਵੇਖਿਆ ਕਿ ਨਿਰੰਕਾਰ ਨੂੰ ਚੰਗੀ ਤਰ੍ਹਾਂ ਮੰਨ ਗਏ ਹਨ, ਤਾਂ ਫਿਰ ਸਾਹਮਣੇ ਗੁਰੂ (ਪੁਤਰ ਗੁਰਬਚਨ ਸਿੰਘ) ਕਰ ਦਿਤਾ ਹੈ ਕਿ ਇਹ ਪੂਰਾ ਗੁਰੂ ਹੈ। ਬੇਸ਼ਕ ਬਾਬਾ ਜੀ ਦੇ ਲਛਨ ਵੇਖੋ। ਬਾਬਾ ਗੁਰਬਚਨ ਸਿੰਘ ਨੂੰ ਚੰਗੀ ਤਰ੍ਹਾਂ ਦੇਖੋ। ਇਹ ਪੂਰਾ ਗੁਰੂ ਹੈ।'

(ਦੇਖੋ ਸੰਤ ਨਿਰੰਕਾਰੀ ਅਪਰੈਲ ੧੯੬੪ ਸਫਾ ੬)

ਅਗੇ ਚਲ ਕੇ ਭਾਈ ਅਵਤਾਰ ਸਿੰਘ ਨੇ ਕਿਹਾ—

'ਮੈਂ ਤਾਂ ਅਨਪੜ੍ਹ ਹਾਂ, ਪਰ ਬਾਬਾ ਜੀ (ਪੁਤਰ) ਤਾਂ ਪੜ੍ਹੇ ਹੋਏ ਹਨ। ਕੋਈ ਸ਼ੰਕਾ ਹੋਵੇ ਤਾਂ ਉਨ੍ਹਾਂ ਤੋਂ ਪੁਛੋ। ਉਹ ਤੁਹਾਥੋਂ ਲੈ ਕੇ ਤੁਹਾਨੂੰ ਜੁਆਬ ਦੇਣਗੇ, **ਉਹ ਤਾਂ ਗੁਰੂ ਗਰੰਥ ਦੀ ਬਾਣੀ ਜਾਣਦੇ ਹੀ ਨਹੀਂ।** ਆਪਣੇ ਦਿਮਾਗ ਨਾਲ ਹੀ ਜਵਾਬ ਦੇਣਗੇ।'

(ਦੇਖੋ ਸੰਤ ਨਿਰੰਕਾਰੀ ਅਪਰੈਲ ੧੯੬੪ ਸਫਾ ੬)

'ਜਾਦੂ ਵੋਹ ਜੋ ਸਿਰ ਚੜ੍ਹ ਬੋਲੇ'। ਜਿਥੇ ਇਸ ਲਿਖਤ ਵਿਚ ਭਾਈ ਅਵਤਾਰ ਸਿੰਘ ਨੇ ਇਕਬਾਲ ਕੀਤਾ ਹੈ ਕਿ ਉਹ ਬਿਲਕੁਲ

Digitized by Panjab Digital Library | www.panjabdigilib.org

ਅਨਪੜ੍ਹ ਹੈ, ਉਥੇ ਇਕ ਗਲਤ ਬਿਆਨੀ ਵੀ ਕੀਤੀ ਹੈ ਕਿ ਉਸ ਦਾ ਪੁਤਰ ਸ੍ਰੀ ਗੁਰੂ ਗਰੰਥ ਸਾਹਿਬ ਦੀ ਬਾਣੀ ਜਾਣਦਾ ਹੀ ਨਹੀਂ, ਆਪਣੇ ਦਿਮਾਗ ਨਾਲ ਜਵਾਬ ਦੇਵੇਗਾ।

ਸਾਡੇ ਪਾਸ ਸੰਤ ਨਿਰੰਕਾਰੀ ਸਤੰਬਰ ਤੇ ਦਸੰਬਰ ੧੯੬੪, ਜਨਵਰੀ ੧੯੬੫ ਅਤੇ ਚਲਦੇ ਸਾਲ ਦੇ ਕਈ ਪਰਚੇ ਮੌਜੂਦ ਹਨ, ਜਿਨ੍ਹਾਂ ਵਿਚ ਭਾਈ ਗੁਰਬਚਨ ਸਿੰਘ ਵਲੋਂ ਗੁਰਬਾਣੀ ਦੇ ਕਈ ਸ਼ਬਦਾਂ ਦੀ ਵਿਚਾਰ ਛਪੀ ਹੈ। ਜੇ ਉਹ ਗੁਰਬਾਣੀ ਨਹੀਂ ਜਾਣਦਾ ਤਾਂ ਉਸ ਨੇ ਵਿਚਾਰ ਕਿਵੇਂ ਕੀਤੀ?

ਭਾਈ ਗੁਰਬਚਨ ਸਿੰਘ ਨੇ ਵੀ ਆਪਣੇ ਅਨਪੜ੍ਹ ਹੋਣ ਦਾ ਸਬੂਤ ਪੇਸ਼ ਕਰਦੇ ਹੋਏ ਕਿਹਾ ਸੀ

> 'ਦਾਸ ਵਿਚ ਕੋਈ ਇਤਨੀ ਲਿਆਕਤ ਨਹੀਂ। ਦਾਸ ਤਾਂ ਇਕ ਕੋਰਾ ਕਾਗਜ਼ ਹੈ। ਜੋ ਕੋਰੇ ਕਾਗਜ਼ ਉਤੇ ਲਿਖ ਦਿਓਗੇ, ਉਹੀ ਪੜ੍ਹਿਆ ਜਾਵੇਗਾ। ਦਾਸ ਨੂੰ ਇਹ ਵੀ ਪਤਾ ਨਹੀਂ ਕੀ ਕਹਿਣਾ ਹੈ।'

(ਦੇਖੋ ਸੰਤ ਨਿਰੰਕਾਰੀ ਅਕਤੂਬਰ ਨਵੰਬਰ ੧੯੬੪)

ਜਿਸ ਦੀ ਕੋਈ ਲਿਆਕਤ ਨਹੀਂ, ਜੋ ਕੋਰਾ ਕਾਗਜ਼ ਹੈ, ਜਿਸ ਨੂੰ ਪਤਾ ਨਹੀਂ ਕੀ ਕਹਿਣਾ ਹੈ, ਵੀਹਵੀਂ ਸਦੀ ਵਿਚ ਉਸ ਨੂੰ ਸਤਿਗੁਰੂ ਕਹਿਣ ਦਾ ਕੀ ਲਾਭ ?

ਅਸਲ ਗਲ ਇਹ ਹੈ ਕਿ ਭਾਈ ਅਵਤਾਰ ਸਿੰਘ ਤੇ ਉਸ ਦਾ ਪੁਤਰ ਦੋਵੇਂ ਗੁਰਬਾਣੀ ਅਤੇ ਆਤਮ ਗਿਆਨ ਤੋਂ ਅਨਜਾਣ ਹਨ। ਇਹ ਗੁਰੂ ਡੰਮ ਤੇ ਪਖੰਡ ਦੀ ਜਿਲ੍ਹਣ ਵਿਚ ਫਸੇ ਹੋਏ ਹਨ। ਜੇ ਗੁਰਬਾਣੀ ਦੀ ਸਿਖਿਆ ਨੂੰ ਮੰਨਣ ਤਾਂ ਇਨ੍ਹਾਂ ਦਾ ਗੁਰੂ ਡੰਮ ਅਤੇ ਐਸ਼ੋ ਇਸ਼ਰਤ ਕਾਇਮ ਨਹੀਂ ਰਹਿੰਦੀ। ਜੇ ਇਨਕਾਰ ਕਰਨ ਤਾਂ ਭੋਲੇ ਭਾਲੇ ਸਿਖ ਇਨ੍ਹਾਂ ਦੇ ਜਾਲ ਵਿਚ ਨਹੀਂ ਫਸਦੇ। ਇਹ ਦੁਸਹਿਰੇ ਦੇ ਰਾਵਣ ਵਾਂਗੂੰ ਡਿਗ ਪੈਂਦੇ ਹਨ।

Digitized by Panjab Digital Library | www.panjabdigilib.org

੮.

ਨਕਲੀ 'ਅਵਤਾਰ ਬਾਣੀ'

ਕਿਸੇ ਪਖੰਡੀ ਤੇ ਨਕਲੀ ਆਦਮੀ ਦੀ ਆਪਣੀ ਕੋਈ ਅਸਲੀਅਤ ਨਹੀਂ ਹੁੰਦੀ। ਉਹ ਸਵਾਂਗ ਧਾਰ ਕੇ ਜਾਂ ਨਕਲ ਕਰਕੇ ਦੁਨੀਆਂ ਨੂੰ ਧੋਖਾ ਦੇਣ ਦਾ ਯਤਨ ਕਰਦਾ ਹੈ।

ਸੰਸਾਰ ਵਿਚ ਪੂਜਾ ਦੇਹ ਦੀ ਨਹੀਂ ਬਲਕਿ ਕਰਨੀ ਤੇ ਆਤਮਿਕ ਗਿਆਨ ਦੀ ਹੁੰਦੀ ਹੈ। ਯਾਗਵਲਕ, ਬਿਆਸ, ਸੁਕਰਾਤ, ਕ੍ਰਿਸ਼ਨ, ਬੁਧ, ਈਸਾ ਕਿਸੇ ਨੇ ਨਹੀਂ ਵੇਖੇ, ਉਹਨਾਂ ਦੇ ਵਿਚਾਰ ਅਮਰ ਹਨ। ਸਾਇੰਸਦਾਨ ਨਿਊਟਨ ਅਸੀਂ ਨਹੀਂ ਦੇਖਿਆ, ਪਰ ਉਸਦੀਆਂ ਵਿਗਿਆਨਕ ਥੀਊਰੀਆਂ ਪੜ੍ਹਦੇ ਹਾਂ। ਆਤਮ ਗਿਆਨ ਦੇਹ ਰੂਪ ਨਹੀਂ, ਬਲਕਿ ਸ਼ਬਦ ਸਰੂਪ ਹੁੰਦਾ ਹੈ। ਇਸੇ ਲਈ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ-

ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ (ਸਿਧ ਗੋਸਟ)

ਦਸਮ ਪਾਤਸ਼ਾਹ ਦਾ ਵਾਕ ਹੈ-

'ਗਿਆਨ ਗੁਰੂ ਆਤਮ ਉਪਦੇਸਹੁ'

ਦੇਹ ਨਾਸਵੰਤ ਹੈ ਤੇ ਆਤਮ ਗਿਆਨ ਸਦੀਵ ਰਹਿੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਾਕ ਹੈ-

ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥

ਇਸ ਅਨੁਸਾਰ ਭਾਈ ਅਵਤਾਰ ਸਿੰਘ ਕੋਈ ਵਿਦਵਾਨ, ਆਤਮ ਗਿਆਨੀ ਜਾਂ ਅਨੁਭਵੀ ਨਹੀਂ, ਕਾਵਿ ਕੋਸ਼, ਪਿੰਗਲ ਤੇ

Digitized by Panjab Digital Library | www.panjabdigilib.org

ਵਿਆਕਰਣ ਤੋਂ ਅਨਜਾਣ ਹੈ, ਇਸ ਨੇ ਆਪਣੇ ਪਿਛਲਗਾਂ ਨੂੰ ਧੋਖਾ ਦੇਣ ਲਈ 'ਅਵਤਾਰ ਬਾਣੀ' ਪੁਸਤਕ ਛਪਵਾਈ ਹੈ, ਜੋ ਕਿਸੇ ਕਵੀ ਦੀ ਲਿਖੀ ਹੋਈ ਹੈ। ਇਹ ਭੇਤ ਪੰਜਾਬੀ ਦੇ ਪ੍ਰਸਿਧ ਕਵੀ ਸ: ਵਿਧਾਤਾ ਸਿੰਘ 'ਤੀਰ' ਨੇ ਨਿਰੰਕਾਰੀ ਦਰਬਾਰ ਚੰਡੀਗੜ੍ਹ ਦੇ ੧੧੦ਵੇਂ ਵਾਰਸਕ ਸਮਾਗਮ ਜਨਵਰੀ ੧੯੬੫ ਵਿਚ ਪ੍ਰਗਟ ਕੀਤਾ। ਸਾਨੂੰ ੧੧ਜਨਵਰੀ ੧੯੬੫ ਨੂੰ ਸ: ਮਨਜੀਤ ਸਿੰਘ ਮੈਂਬਰ ਸ੍ਰੀ ਗੁਰੂ ਸਿੰਘ ਸਭਾ ਕਲਕਤਾ ਤੇ ਸਿਖ ਸਟੂਡੈਂਟ ਫੈਡਰੇਸ਼ਨ ਦੇ ਘਰ ਪ੍ਰਸ਼ਾਦ ਛਕਦਿਆਂ ਸ: ਕਰਤਾਰ ਸਿੰਘ ਬਲਗਣ ਅਤੇ ਸ: ਹਜ਼ਾਰਾ ਸਿੰਘ ਮੁਸ਼ਤਾਕ ਦੇ ਸਾਹਮਣੇ ਦਸਿਆ। ਤੀਰ ਜੀ ਨੇ ਕਿਹਾ 'ਨਕਲੀ ਨਿਰੰਕਾਰੀ ਨੇ ਨਵਯੁਗ ਪ੍ਰੈਸ ਦਿਲੀ ਵਿਚੋਂ 'ਅਵਤਾਰ ਬਾਣੀ' ਨਾਮ ਦੀ ਜੋ ਪੁਸਤਕ ਛਪਵਾਈ ਹੈ, ਉਹ ਇਸ ਦੀ ਆਪਣੀ ਲਿਖੀ ਹੋਈ ਨਹੀਂ। ਇਕ ਹੋਰ ਕਵੀ ਦੀ ਹੈ। ਉਹ ਇਸ ਨੇ ਆਪਣੇ ਕੋਲ ਰਖਿਆ ਹੋਇਆ ਹੈ। ਅਸੀਂ ਉਸ ਕਵੀ ਦਾ ਨਾਂ ਵੀ ਪ੍ਰਗਟ ਕਰ ਸਕਦੇ ਹਾਂ।'

ਅਸੀਂ ਇਹ ਇਨਕਸ਼ਾਫ ਗਿਆਨ ਅੰਮ੍ਰਿਤ ਦੇ ਅੰਕ ਫਰਵਰੀ ੧੯੬੫ ਵਿਚ ਕੀਤਾ, ਜਿਸ ਨੂੰ ਸਵਾ ਦੋ ਸਾਲ ਹੋ ਗਏ ਹਨ। ਪਰ ਭਾਈ ਅਵਤਾਰ ਸਿੰਘ ਜਾਂ ਉਸ ਦੇ ਪੁਤਰ ਨੂੰ ਇਸ ਦੀ ਤਰਦੀਦ ਕਰਨ ਦੀ ਜੁਰਅਤ ਨਹੀਂ ਪਈ। ਜੇ ਇਹ ਇਨਕਸ਼ਾਫ ਭਾਈ ਅਵਤਾਰ ਸਿੰਘ ਦੇ ਮਰਨ ਦੇ ਪਿਛੋਂ ਕੀਤਾ ਜਾਂਦਾ, ਤਾਂ ਕਈ ਲੋਕਾਂ ਨੇ ਇਸ ਉਤੇ ਸ਼ੱਕ ਕਰਨਾ ਸੀ। ਪਰ ਅਸੀਂ ਉਸ ਦੇ ਜੀਊਂਦੇ ਜੀਅ ਕੀਤਾ ਹੈ। ਚੂੰਕਿ ਇਹ ਮਜ਼ਹਬ ਦੇ ਨਾਮ ਪਰ ਭਾਰੀ ਠੱਗੀ, ਜਾਹਲਸਾਜ਼ੀ ਤੇ ਚਾਰ ਸੌ ਵੀਹ ਹੈ, ਇਸ ਲਈ ਸਰਕਾਰ ਤੇ ਜਨਤਾ ਇਸ ਦੀ ਪੜਤਾਲ ਕਰਕੇ ਸੱਚ ਝੂਠ ਦਾ ਨਿਰਣਾ ਕਰ ਸਕਦੀ ਹੈ। ਕਵੀਅ ਦੀ ਇਕ ਕਮੇਟੀ ਬਣਾ ਕੇ ਭਾਈ ਅਵਤਾਰ ਸਿੰਘ ਪਾਸੋਂ ਉਸ ਦੇ ਸਾਹਮਣੇ ਕਵਿਤਾ ਲਿਖਵਾਈ ਜਾਵੇ, ਆਪੇ ਅਸਲੀਅਤ ਦਾ ਪਤਾ ਲਗ ਜਾਏਗਾ।

ਜਾਹਲੀ 'ਅਵਤਾਰ ਬਾਣੀ' ਵਿਚੋਂ ਇਕ ਬੰਦ ਅਸੀਂ ਪਾਠਕਾਂ

Digitized by Panjab Digital Library | www.panjabdigilib.org

ਦੀ ਦਿਲਚਸਪੀ ਲਈ ਪੇਸ਼ ਕਰਦੇ ਹਾਂ-

ਸੰਤਾਂ ਤੇ ਕਈ ਜ਼ੁਲਮ ਕਮਾਏ ਮਜ਼ਹਬਾਂ ਦੇ ਸਯਾਦਾਂ ਨੇ।
ਕੰਧਾਂ ਵਿਚ ਚੁਣਵਾਏ ਕਈ ਸ਼ਰ੍ਹਾ ਦਿਆਂ ਜਲਾਦਾਂ ਨੇ।
ਕਈ ਚੜ੍ਹਾਏ ਸੂਲੀ ਉਤੇ ਲੋਹਾਂ ਤੇ ਬਿਠਲਾਏ ਕਈ।
ਦੁਨੀਆਂ ਮਿਲਕੇ ਸੰਤਜਨਾਂ ਤੇ ਇਕਨਹੀਂ ਜ਼ੁਲਮਕਮਾਏ ਕਈ।
ਅਵਤਾਰ ਭਗਤ ਪਰ ਮੰਨਦੇ ਰਹੇਨੇ ਆਪਣਾ ਕੁਲਜ਼ਮਾਨੇ ਨੂੰ।
ਦੁਖ ਮੁਸੀਬਤ ਔਕੜ ਝਲੀ ਮਿਠਾ ਮੰਨ ਕੇ ਭਾਣੇਨੂੰ।

ਸ਼ਬਦ ੬੬ ਸੰਪੂਰਣ ਅਵਤਾਰ ਬਾਣੀ
(ਵੇਖੋ ਰਸਾਲਾ ਸੰਤ ਨਿਰੰਕਾਰੀ ਮਈ ੧੯੬੬ ਸਫਾ ੧੫)

ਇਸ ਤੁਕ ਬੰਦੀ ਵਿਚ ਕਵਿਤਾ ਦੀ ਕੋਈ ਖੂਬੀ ਨਹੀਂ, ਪਰ ਜੋਹੜਾ ਇਹ ਕਿਹਾ ਹੈ ਕਿ ਸੰਤਾਂ ਨੂੰ ਸੂਲੀ ਤੇ ਚੜ੍ਹਾਇਆ ਗਿਆ, ਉਨ੍ਹਾਂ ਤੇ ਜ਼ੁਲਮ ਕੀਤੇ ਗਏ, ਉਹ ਤਾਂ ਸਚੇ ਸੰਤ ਸਨ। ਪਰ ਨਕਲੀ ਨਿਰੰਕਾਰੀ ਨੇ ਕੌਮ ਅਤੇ ਦੇਸ ਲਈ ਕੋਈ ਮੁਸੀਬਤ ਨਹੀਂ ਝਲੀ, ਮਜ਼ਹਬ ਦੇ ਨਾਮ ਉਤੇ ਪਖੰਡ ਕਰਕੇ ਮੁਕਟ, ਕੋਠੀਆਂ, ਕਾਰਾਂ ਤੇ ਐਸ਼ ਮਾਰਨ ਦਾ ਸਾਮਾਨ ਬਣਾਇਆ ਹੈ। ਮਖੀਆਂ ਤੇ ਪ੍ਰਵਾਨਿਆ ਦਾ ਕੀ ਮੁਕਾਬਲਾ ? ਨਕਲੀ 'ਅਵਤਾਰ ਬਾਣੀ ਛਾਪ ਕੇ ਲੋਕਾਂ ਨੂੰ ਧੋਖਾ ਦੇਣ ਵਾਲਾ ਸੰਤ ਤੇ ਮਨਸੂਰ ਨਹੀਂ ਹੋ ਸਕਦਾ।

ਸਾਡੀ ਇਤਲਾਹ ਹੈ ਕਿ ਭਾਈ ਅਵਤਾਰ ਸਿੰਘ ਨੇ ਆਪਣੀ ਜੁੰਡਲੀ ਦੇ ਕੁਝ ਆਦਮੀਆਂ ਤੇ ਔਰਤਾਂ ਦੇ ਨਾਂ ਬਾਬਾ ਬੁਢਾ, ਭਾਈ ਮਰਦਾਨਾ, ਭਾਈ ਗੁਰਦਾਸ, ਭਾਈ ਮੰਝ, ਬੇਬੇ ਨਾਨਕੀ ਤੇ ਮਾਤਾ ਗੰਗਾ ਰਖੇ ਹੋਏ ਹਨ।

੨੭ ਫਰਵਰੀ ੧੯੬੬ ਨੂੰ ਇਸ ਨੇ ਦਿਲੀ ਵਿਚ ਪੰਜਾਂ ਪਿਆਰਿਆਂ ਦੀ ਨਿਰਾਦਰੀ ਕਰਦੇ ਹੋਏ ਕਿਹਾ-

'ਮੇਰੇ ਨਾਲ ਕਾਫੀ ਆਦਮੀ ਹਨ,

Digitized by Panjab Digital Library | www.panjabdigilib.org

ਜੋ ਸੱਤ ਪਿਆਰੇ ਬਣਾਏ ਹਨ, ਕੋਈ ਕਿਧਰੋਂ ਲੈ ਕੇ ਕੋਈ ਕਿਧਰੋਂ ਲੈ ਕੇ, ਮੇਰੇ ਨਾਲ ਘਰ ਦੇ ਆਦਮੀ ਦੀ ਤਰ੍ਹਾਂ ਕੰਮ ਕਰਦੇ ਹਨ।'

(ਦੇਖੋ ਸੰਤ ਨਿਰੰਕਾਰੀ ਅਪਰੈਲ ੧੯੬੬ ਸਫਾ ੭)

ਇਤਿਹਾਸ ਦੀਆਂ ਮਹਾਨ ਸ਼ਖਸੀਅਤਾਂ ਦੇ ਨਾਂਵਾਂਪਰ ਮਾਮੂਲੀ ਆਦਮੀਆਂ ਦੇ ਨਾਂ ਰਖਣੇ ਜਾਂ ਉਨ੍ਹਾਂ ਦੀ ਤੁਲਤਾ ਦੇਣੀ ਧਰਮ, ਇਖ-ਲਾਕ ਅਤ ਕਾਨੂੰਨ ਦੇ ਉਲਟ ਹੈ।

ਕਿਸੇ ਕੁਤੇ ਦਾ ਨਾਂ ਮੋਤੀ ਰਖ ਦਿਤਾ ਜਾਏ ਤਾਂ ਉਹ ਸ਼ਾਹੀ ਹਾਰ ਵਿਚ ਪਰੋਏ ਜਾਣ ਵਾਲਾ ਆਬਦਾਰ ਮੋਤੀ ਨਹੀਂ ਬਣ ਸਕਦਾ, ਪਰ ਜਿਹੜਾ ਸ਼ਖਸ ਕਿਸੇ ਕਵੀ ਦੀ ਲਿਖੀ ਹੋਈ ਮਾਮੂਲੀ ਤੁਕ ਬੰਦੀ ਨੂੰ 'ਅਵਤਾਰ ਬਾਣੀ' ਦੇ ਨਾਂ ਪਰ ਛਪਵਾ ਸਕਦਾ ਹੈ, ਉਹ ਨਾਵਾਂ ਦੀ ਨਕਲ ਕਰ ਲਵੇ ਤ ਕੋਈ ਵੱਡੀ ਗਲ ਨਹੀਂ।

ਭਾਰਤ ਵਿਚ ਕਿਸੇ ਬ੍ਰਹਮ ਰਿਸ਼ੀ, ਸੰਤ ਮਹਾਤਮਾ ਜਾਂ ਗੁਰੂ ਅਵਤਾਰ ਨੇ ਨਕਲੀ ਬਾਣੀ ਬਣਾ ਕੇ ਲੋਕਾਂ ਨਾਲ ਧੋਖਾ ਨਹੀਂ ਕੀਤਾ। ਸਾਡੇ ਸਤ ਪੁਰਸ਼ ਆਪਣਾ ਆਤਮਿਕ ਅਨੁਭਵ ਤੇ ਤਜਰਬਾ ਬਿਆਨ ਕਰਦੇ ਰਹੇ ਹਨ। ਜੋ ਕੁਝ ਉਨ੍ਹਾਂ ਨੇ ਮਹਿਸੂਸ ਕੀਤਾ, ਉਹ ਸੰਸਾਰ ਨੂੰ ਦਸਿਆ। ਗੁਰਬਾਣੀ ਦਾ ਵਾਕ ਹੈ-'ਜੇਹਾ ਡਿਠਾ ਮੈ ਤੇਹੋ ਕਹਿਆ।' ਪਰ ਨਕਲੀ ਨਿਰੰਕਾਰੀ ਭਾਈ ਅਵਤਾਰ ਸਿੰਘ ਤੇ ਉਸ ਦਾ ਪੁਤ੍ਰ ਉਹ ਕਲਜੁਗੀ ਗੁਰੂ ਹਨ, ਜਿਨ੍ਹਾਂ ਨੇ ਇਕ ਕਵੀ ਪਾਸੋਂ ਬੋਗਸ ਕਵਿਤਾ ਲਿਖਵਾ ਕੇ 'ਅਵਤਾਰ ਬਾਣੀ' ਦੇ ਨਾਂ ਪਰ ਛਾਪ ਕੇ ਅੰਧ ਵਿਸ਼ਵਾਸੀ ਚੇਲੇ ਅਤੇ ਚੇਲੀਆਂ ਨਾਲ ਧੋਖਾ ਕੀਤਾ ਹੈ।

Digitized by Panjab Digital Library | www.panjabdigilib.org

੯.

ਭ੍ਰਿਸ਼ਟਾਚਾਰ

ਗੁਸਾਈਂ ਤੁਲਸੀ ਦਾਸ ਜੀ ਦਾ ਕਥਨ ਹੈ-

ਜੇ ਜਨਮੇ ਕਲਿ ਕਾਲ ਕਰਾਲਾ।
ਕਰਤਬ ਬਾਯਸ ਵੇਸ ਮਰਾਲਾ।

ਭਾਵ-ਕਲਿਜੁਗ ਵਿਚ ਅਜਿਹੇ ਆਦਮੀ ਹੋਣਗੇ, ਜਿਨ੍ਹਾਂ ਦਾ ਕਰਤਬ ਜਾਂ ਵਿਹਾਰ ਕਾਵਾਂ ਵਾਲਾ ਪਰ ਭੇਸ ਹੰਸਾਂ ਵਾਲਾ ਹੋਵੇਗਾ। ਇਹ ਗਲ ਨਕਲੀ ਨਿਰੰਕਾਰੀ ਤੇ ਉਸ ਦੀ ਮੰਡਲੀ ਲਈ ਠੀਕ ਢੁਕਦੀ ਹੈ।

ਗੁਰਬਾਣੀ ਦਾ ਵਾਕ ਹੈ-

ਜਿਤ ਪੀਤੇ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ
ਆਇ॥ ਆਪਣਾ ਪਰਾਇਆ ਨ ਪਛਾਣਈ ਖਸਮਹੁ
ਧਕੇ ਖਾਇ॥ ਜਿਤੁ ਪੀਤੈ ਖਸਮੁ ਵਿਸਰੈ ਦਰਗਹ
ਮਿਲੈ ਸਜਾਇ॥ ਝੂਠਾ ਮਦੁ ਮੂਲਿ ਨ ਪੀਚਈ ਜੇਕਾ
ਪਾਰ ਵਸਾਇ॥

ਭਾਵ-ਜਿਸ ਸ਼ਰਾਬ ਦੇ ਪੀਣ ਨਾਲ ਮੱਤ ਮਾਰੀ ਜਾਂਦੀ ਹੈ, ਮਨੁਖ ਝੱਲਾ ਹੋ ਜਾਂਦਾ ਹੈ, ਉਸ ਨੂੰ ਆਪਣੇ ਬਿਗਾਨੇ ਦੀ ਸੋਝੀ ਨਹੀਂ ਰਹਿੰਦੀ, ਰੱਬ ਵਲੋਂ ਧਕਿਆ ਜਾਂਦਾ ਹੈ, ਭਾਵ ਉਸ ਨੂੰ ਭੁਲ ਕੇ ਗੁਮਰਾਹ ਹੋ ਜਾਂਦਾ ਹੈ, ਅਜਿਹੀ ਸ਼ਰਾਬ ਮਤ ਪੀਓ। ਪਰ ਨਕਲੀ ਨਿਰੰਕਾਰੀ ਦਾ ਗੁਰੂ ਭਾਈ ਬੂਟਾ ਸਿੰਘ ਘੋਰ ਸ਼ਰਾਬੀ ਕਬਾਬੀ ਸੀ।

Digitized by Panjab Digital Library | www.panjabdigilib.org

ਭਾਈ ਅਵਤਾਰ ਸਿੰਘ ਆਪ ਰੱਜ ਕੇ ਸ਼ਰਾਬ ਪੀਂਦਾ ਤੇ ਲੇਹੜ ਕੇ ਮਾਸ ਖਾਂਦਾ ਹੈ। ਸਾਡੇ ਦੇਸ ਦੇ ਵਾਮ ਮਾਰਗੀ ਇਹ ਕਹਿੰਦੇ ਸਨ -

'ਪੀਤਵਾ ਪੀਤਵਾ ਪੁਨਾ ਪੀਤਵਾ
ਯਾਵਤ ਪਤਿਤ ਨਾ ਭੂਤਲੇ।'

ਭਾਵ ਸ਼ਰਾਬ ਪੀ ਜਾਓ, ਪੀ ਜਾਓ, ਓਦੋਂ ਤਕ ਪੀ ਜਾਓ, ਜਦ ਤੀਕ ਧਰਤੀ ਉਤੇ ਨਹੀਂ ਡਿਗ ਪੈਂਦੇ।

ਵਾਮ ਮਾਰਗੀਆਂ ਵਾਂਗ ਨਕਲੀ ਨਿਰੰਕਾਰੀ ਵੀ ਸ਼ਰਾਬ ਪੀਣ ਪਰ ਨਿਸਚਾ ਰਖਦਾ ਹੈ। ਸ਼ਰਾਬ ਨੋਸ਼ੀ, ਜੂਠ ਖਾਣ ਤੇ ਖੁਆਣ ਅਤੇ ਭ੍ਰਿਸ਼ਟਾਚਾਰ ਦਾ ਪ੍ਰਚਾਰ ਕਰਨ ਲਈ ਨਕਲੀ ਨਿਰੰਕਾਰੀ ਦੇ ਇਕ ਚੇਲੇ ਬਖਸ਼ੀ ਅਰਜਨ ਸਿੰਘ ਅਲਵਰ ਨੇ ਰਸਾਲਾ ਸੰਤ ਨਿਰੰਕਾਰੀ ਮਹੀਨਾ ਜੂਨ ੧੯੬੪ ਦੇ ਸਫਾ ੧੬ ਉਤੇ ਲਿਖਿਆ ਸੀ-

ਜੋ ਜੀ ਚਾਹੇ ਸੋ ਖਾਂਦੇ ਨੇ।
ਜੋ ਜੀ ਚਾਹੇ ਸੋ ਪੀਂਦੇ ਨੇ।
ਕੋਈ ਜੂਠਾ ਨਹੀਂ ਕੋਈ ਸੁਚਾ ਨਹੀਂ।
ਇਹ ਇਕੋ ਪਿਆਲੇ ਪੀਂਦੇ ਨੇ।

ਅਕਲ, ਸਾਇੰਸ, ਸਿਹਤ ਅਤੇ ਸਫਾਈ ਦੇ ਇਸ ਯੁਗ ਵਿਚ ਯੂਰਪ ਤੇ ਤੇ ਚੰਗੇ ਦੇਸਾਂ ਦੇ ਲੋਕ ਜੂਠ ਖਾਣੀ ਤੇ ਖੁਆਉਣੀ ਇਕ ਪਾਸੇ ਰਹੀ, ਉਹ ਹਥਾਂ ਨਾਲ ਨਹੀਂ ਖਾਂਦੇ, ਬਲਕਿ ਛੁਰੀ ਕਾਂਟਿਆਂ ਨਾਲ ਖਾਂਦੇ ਹਨ। ਭੋਜਨ ਨੂੰ ਹਥਾਂ ਨਾਲ ਛੋਹਣਾ ਵੀ ਬੁਰਾ ਮੰਨਦੇ ਹਨ। ਉਨ੍ਹਾਂ ਦੇ ਭੋਜਨ ਵਾਲੇ ਹਰ ਡਬੇ ਉਤੇ ਲਿਖਿਆ ਹੁੰਦਾ ਹੈ-

'ਇਹ ਹਥਾਂ ਨਾਲ ਨਹੀਂ ਛੋਹਿਆ ਗਿਆ, ਵਿਗਿਆਨਕ ਢੰਗ ਨਾਲ ਤਿਆਰ ਕੀਤਾ ਗਿਆ ਹੈ।'

ਇਸ ਹਾਲਤ ਵਿਚ ਸਾਡੇ ਦੇਸ਼ ਵਿਚ ਸ਼ਰਾਬ ਪੀਣ ਤੇ ਇਕ

Digitized by Panjab Digital Library | www.panjabdigilib.org

ਦੂਜੇ ਦੀ ਜੂਠ ਖਾਣ ਦਾ ਪ੍ਰਚਾਰ ਨਕਲੀ ਨਿਰੰਕਾਰੀ ਤੇ ਉਸ ਦੇ ਚੇਲੇ ਚਾਟੜੇ ਹੀ ਕਰ ਸਕਦੇ ਹਨ। ਇਹ ਵਾਮ ਮਾਰਗ ਦੀ ਨਕਲ ਹੈ। ਡਾਕਟਰੀ ਅਤੇ ਸਿਹਤ ਦੇ ਅਸੂਲਾਂ ਦੇ ਲਿਹਾਜ਼ ਨਾਲ ਹਰ ਕਿਸੇ ਦੀ ਜੂਠ ਖਾਣੀ ਤੇ ਖੁਆਉਣੀ ਛੂਤ ਦੇ ਰੋਗਾਂ ਨੂੰ ਫੈਲਾਉਣਾ ਹੈ। ਤਪਦਿਕ ਜਾਂ ਪਾਇਓਰੀਏ ਦੇ ਇਕ ਰੋਗੀ ਦੀ ਜੂਠ ਸੈਂਕੜੇ ਆਦਮੀਆਂ ਨੂੰ ਰੋਗੀ ਬਣਾ ਸਕਦੀ ਹੈ।

ਦਸਿਆ ਜਾਂਦਾ ਹੈ ਕਿ ਨਕਲੀ ਨਿਰੰਕਾਰੀ ਦੀਆਂ ਚੇਲੀਆਂ ਕਈ ਮਰਦਾਂ ਦੇ ਮੂੰਹ ਵਿਚ ਜੂਠਾ ਪ੍ਰਸ਼ਾਦ ਇਉਂ ਪਾਉਂਦੀਆਂ ਹਨ, ਜਿਵੇਂ ਸਾਲੀਆ ਜੀਜਿਅ ਨੂੰ ਗਰਾਹੀਆਂ ਦਿੰਦੀਆਂ ਹਨ।

ਰਸਾਲਾ ਸੰਤ ਨਿਰੰਕਾਰੀ ਜੂਨ ੧੯੬੪ ਦੇ ਸਫਾ ੧੨ ਉਤੇ ਇਕ ਕਵਿਤਾ ਛਪੀ ਸੀ

'ਇਹਦੀਆਂ ਤਲੀਆਂ 'ਚ ਨਜ਼ਰਾਂ ਟਿਕਾ ਲੈ'

ਤਰਜ਼ ਮੇਰੇ ਲਹਿੰਗੇ ਨੂੰ ਘੁੰਗਰੂ ਲਗਾ ਦੇ ਫਿਰ ਮੇਰੀ ਚਾਲ ਵੇਖ ਲੈ।
ਛੋੜ ਦੇ ਮੰਦਰ ਮਸਜਿਦ ਗਿਰਜੇ ਔਰ ਸਭ ਗੁਰਦਵਾਰੇ।
ਸਾਰੀ ਦੁਨੀਆਂ ਢੂੰਡ ਛਾਨ ਕੇ ਆ ਜਾ ਇਹਦੇ ਦੁਆਰੇ।

ਜਿਸ ਨੇ 'ਲਹਿੰਗੇ ਨੂੰ ਲੁਆ ਦੇ ਘੁੰਗਰੂ' ਦੀ ਤਰਜ਼ ਪੜ੍ਹਨੀ ਹੈ, ਉਸ ਦੀ ਸੁਰਤ ਕਿਸੇ ਵੇਸਵਾ ਜਾਂ ਸਿਨਮਿਆਂ ਦੀ ਨਾਚੀ ਨਾਲ ਜੁੜ ਸਕਦੀ ਹੈ, ਨਿਰੰਕਾਰ ਨਾਲ ਨਹੀਂ।

ਨਕਲੀ ਨਿਰੰਕਾਰੀ ਲਿਗ ਸੁਤੰਤ੍ਰਤਾ ਦਾ ਜੋ ਅਭਿਆਸ ਕਰਦੇ ਹਨ, ਉਸ ਸੰਬੰਧੀ ਪਿਛਲੇ ਸਾਲ ਦਿਲੀ ਦੇ ਇਕ ਅੰਗਰੇਜ਼ੀ ਅਖ਼ਬਾਰ ਵਿਚ ਸੁਨਸਨੀ ਭਰੇ ਹਾਲਾਤ ਛਪੇ ਸਨ।

ਜਿਨ੍ਹਾਂ ਸਤ ਪੁਰਸ਼ਾਂ ਨੇ ਵਾਹਿਗੁਰੂ ਦੀ ਪ੍ਰਾਪਤੀ ਕੀਤੀ, ਸੰਸਾਰ ਲਈ ਕਸ਼ਟ ਝਲੇ ਤੇ ਕੁਰਬਾਨੀਆਂ ਕੀਤੀਆਂ, ਜੇ ਉਨ੍ਹਾਂ ਦੇ ਧਰਮ ਅਸਥਾਨਾਂ ਵਿਚ ਨਹੀਂ ਜਾਣਾ ਤਾਂ ਇਕ ਸ਼ਰਾਬੀ ਕਬਾਬੀ ਦੇ ਨਵੇਂ ਬਣਾਏ ਮੜ੍ਹਿਆਂ ਵਿਚ ਜਾਣ ਦਾ ਕੀ ਲਾਭ?

Digitized by Panjab Digital Library | www.panjabdigilib.org

ਨਕਲੀ ਨਿਰੰਕਾਰੀ ਭਾਈ ਅਵਤਾਰ ਸਿੰਘ ਅਤੇ ਇਸ ਦੇ ਚੇਲੇ ਬਾਲਕੇ ਇਕ ਪਾਸੇ ਸੁਲਾਹਕੁਲ ਬਣਦੇ ਹਨ ਅਤੇ ਦੂਜੇ ਪਾਸੇ ਸਾਰੇ ਮਜ਼ਹਬਾਂ ਦੀ ਨਿੰਦਿਆ ਕਰਦੇ ਹਨ। ਇਹ ਇਕ ਤਰ੍ਹਾਂ ਡਬਲ ਠਗੀ ਮਾਰਦੇ ਹਨ। ੨੭ ਫਰਵਰੀ ੧੯੬੬ ਨੂੰ ਭਾਈ ਅਵਤਾਰ ਸਿੰਘ ਨੇ ਦਿਲੀ ਵਿਚ ਕਿਹਾ -

'ਮੈਂ ਕੋਈ ਮਜ਼ਹਬ ਨਹੀਂ ਖੜਾ ਕਰਨਾ ।......ਕੋਈ ਹਿੰਦੂ ਹੋਵੇ ਮੁਸਲਮਾਨ ਹੋਵੇ, ਈਸਾਈ ਹੋਵੇ, ਸਿਖ ਹੋਵੇ, ਉਨ੍ਹਾਂ ਸਾਰਿਆਂ ਨੂੰ ਜੋੜਨਾ ਮੇਰਾ ਕੰਮ ਹੈ । ਮੈਂ ਸਾਰਿਆਂ ਨੂੰ ਇਕ ਖੁਦਾ ਨਾਲ ਜੋੜਿਆ ਹੈ।'

(ਵੇਖੋ ਰਸਾਲਾ ਸੰਤ ਨਿਰੰਕਾਰੀ ਅਪਰੈਲ ੧੯੬੬ ਸਫਾ ੮)

ਜੇ ਵਖਰਾ ਮਜ਼ਹਬ ਨਹੀਂ ਸੀ ਖੜਾ ਕਰਨਾ ਤਾਂ ਦਿਲੀ ਵਿਚ ਨਿਰੰਕਾਰੀ ਮੰਡਲ ਤੇ 'ਪਖੰਡ ਗੜ੍ਹ' ਬਨਾਉਣ ਦੀ ਕੀ ਲੋੜ ਸੀ ? ਕੀ ਖੁਦਾ ਨਾਲ ਜੋੜਨ ਵਾਲੀ ਗਿਦੜਸਿੰਗੀ ਭਾਈ ਅਵਤਾਰ ਸਿੰਘ ਅਤੇ ਉਸ ਦੇ ਪੁਤ੍ਰ ਕੋਲ ਹੀ ਹੈ, ਹੋਰ ਮਤਾਂ ਦੇ ਆਗੂਆਂ ਕੋਲ ਕਿਉਂ ਨਹੀਂ?

ਨਕਲੀ ਨਿਰੰਕਾਰੀ ਉਪਰੋਕਤ ਲਿਖਤ ਵਿਚ ਸੁਲਾਹਕੁਲ ਬਣ ਕੇ 'ਟਟੀਹਰੀ ਫਿਲਸਫਾ' ਬਿਆਨ ਕਰਦਾ ਹੈ। ਪਰ ਉਸਦੇ ਇਕ ਚਲੇ ਬਖਸ਼ੀ ਅਰਜਨ ਸਿੰਘ ਅਲਵਰ ਸਾਰੇ ਮਤਾਂ ਵਿਰੁਧ ਲਿਖਦੇ ਹਨ-

'ਹਿੰਦੂ ਦਾ ਜਨੇਊ, ਸਿਖ ਦੇ ਪੰਜ ਕਕਾਰ, ਈਸਾਈ ਦਾ ਕ੍ਰਾਸ ਅਤ ਮੁਸਲਮਾਨ ਦੀ ਸੁੰਨਤ ਸਭ ਤਕਸੀਮ ਦੇ ਚਿੰਨ੍ਹ ਹਨ, ਜਿਨ੍ਹਾਂ ਵਿਚ ਕੁਝ ਵੀ ਨਿਊਨਤਾ ਨਹੀਂ । ਇਹ ਕੇਵਲ ਇਕ ਦੂਜੇ ਦੀ ਨਕਲ ਹਨ। ਥੋਹੜੀ ਬਹੁਤੀ ਤਬਦੀਲੀ ਕਰ ਦਿਤੀ ਗਈ ਹੈ। ਮੰਤਵ ਸਭ ਦਾ ਇਹੋ ਹੈ ਕਿ ਇਸ ਮਨੁਖ ਨੂੰ ਹਥ ਪੈਰ ਬੰਨ੍ਹ ਕੇ ਜਕੜ ਦਿਓ।'

(ਵੇਖੋ ਰਸਾਲਾ ਸੰਤ ਨਿਰੰਕਾਰੀ ਮਈ ੧੯੬੪ ਸਫਾ ੧੨)

ਚਿੰਨ੍ਹ ਵਾਦ ਮਨੁਖੀ ਜੀਵਨ ਦੇ ਹਰ ਖੇਤ੍ਰ ਵਿਚ ਸ਼ਾਮਲ ਹੈ।

B-1283

Digitized by Panjab Digital Library | www.panjabdigilib.org

ਸਿਵਲ ਤੇ ਮਿਲਟਰੀ ਦੇ ਚਿੰਨ੍ਹ;ਰੇਲ,ਤਾਰ,ਡਾਕ,ਡਾਕਟਰਾਂ ਤੇ ਵਕੀਲਾਂ ਦੀ ਵਰਦੀ ਵਖੋ ਵਖ ਹੈ। ਫਰਜ਼ ਕਰੋ ਜਨੇਊ, ਪੰਜ ਕਕਾਰਾਂ, ਕ੍ਰਾਸ ਤੇ ਸੁੰਨਤ ਗਲਤ ਹਨ ਤਾਂ ਨਕਲੀ ਨਿਰੰਕਾਰੀ ਅਤੇ ਉਸ ਦੇ ਪੁਤਰ ਨੇ ਦਾਹੜੀ ਕੇਸ ਕਿਉਂ ਰਖੇ ਹੋਏ ਹਨ? ਗਲ ਵਿਚ ਪਰਨਾ ਕਿਉਂ ਪਾਉਂਦੇ ਹਨ? ਜਲੂਸ ਵਿਚ ਵਾਲੰਟੀਅਰਾਂ ਨੂੰ ਖਾਸ ਵਰਦੀ ਕਿਉਂ ਦੇਂਦੇ ਹਨ? ਆਪਣੇ ਨਾਂ ਨਾਲ ਸਿੰਘ ਸ਼ਬਦ ਕਿਉਂ ਵਰਤਦੇ ਹਨ? ਧੰਨ ਨਿਰੰਕਾਰ ਨਾਲ ਕਿਉਂ ਬਝੇ ਹੋਏ ਹਨ? ਸਤਿ ਕਰਤਾਰ ਤੇ ਸਤਿ ਸ੍ਰੀ ਅਕਾਲ ਇਨ੍ਹਾਂ ਨੂੰ ਕਿਉਂ ਚੁਭਦਾ ਹੈ?ਇਨ੍ਹਾਂ ਕੋਲ ਉਤ੍ਰ ਨਹੀਂ।

ਨਕਲੀ ਨਿਰੰਕਾਰੀ ਨੇ ਆਪਣਾ ਜਾਨਸ਼ੀਨ ਆਪਣ ਪੁਤ੍ਰ ਦੀ ਬਜਾਏ ਕਿਸੇ ਰਾਮ ਚੰਦ, ਖੁਦਾ ਬਖਸ਼ ਤੇ ਈਸਾਈ ਨੂੰ ਕਿਉਂ ਨਹੀਂ ਬਣਾਇਆ? ਕੀ ਇਹ ਮੁਸਲਮਾਨਾਂ ਤੇ ਈਸਾਈਆਂ ਨਾਲ ਰਿਸ਼ਤੇ ਨਾਤੇ ਕਰਨ ਲਈ ਤਿਆਰ ਹਨ?

ਅਖੀਰ ਵਿਚ ਅਸੀਂ ਦਸਣਾ ਚਾਹੁੰਦੇ ਹਾਂ ਕਿ ਭਾਈ ਅਵਤਾਰ ਸਿੰਘ ਤੇ ਇਸ ਦਾ ਪੁਤਰ ਨਿਰੰਕਾਰ ਦੀ ਪੂਜਾ ਨਹੀਂ, ਬਲਕਿ ਸ਼ਖਸੀ ਤੇ ਕੁਟੰਬ ਦੀ ਪੂਜਾ ਕਰਾਉਂਦੇ ਹਨ। ਨਿਰੰਕਾਰ ਦੇ ਪਰਦੇ ਵਿਚ ਭ੍ਰਿਸ਼ਟਾਚਾਰ ਪ੍ਰਚਾਰਦੇ ਹਨ। ਇਨ੍ਹਾਂ ਦੇ ਪਿਛੇ ਕੁਝ ਚਲਾਕ ਅਨਮਤੀ ਸਿਖਾਂ ਦੇ ਵਿਰੋਧੀ ਹਨ, ਜਿਹੜੇ ਇਨ੍ਹਾਂ ਦੇ ਗੁਰੂ ਡੰਮ ਰਾਹੀਂ ਸਿਖੀ ਨੂੰ ਕਮਜ਼ੋਰ ਕਰਨਾ ਚਾਹੁੰਦੇ ਹਨ : ਇਹ ਕਈ ਸਰਕਾਰੀ ਅਤੇ ਸਿਆਸੀ ਲੀਡਰਾਂ ਦੀ ਵੀ ਖੁਸ਼ਾਮਦ ਕਰਕੇ ਆਪਣਾ ਉਲੂ ਸਿਧਾ ਕਰਦੇ ਹਨ।

ਅਸਲੀ ਨਿਰੰਕਾਰੀ ਦਰਬਾਰ ਚੰਡੀ ਗੜ੍ਹ ਨੇ ੧੯੬੫-੬੬ ਦੇ ੧੧੦ਵੇਂ ਅਤੇ ੧੧੧ਵੇਂ ਸਮਾਗਮ ਦੇ ਇਸ਼ਤਿਹਾਰਾਂ ਵਿਚ ਸਪਸ਼ਟ ਲਿਖਿਆ ਹੈ-'ਭਾਈ ਅਵਤਾਰ ਸਿੰਘ ਦਾ ਵਤੀਰਾ ਪਵਿਤ੍ਰ ਨਿਰੰਕਾਰੀ ਨਾਮ ਦੀਤੋਹੀਨ ਦਾ ਕਾਰਨ ਬਣ ਰਿਹਾ ਹੈ।'

ਸਿਖ ਪੰਥ ਤੇ ਬਾਕੀ ਲੋਕਾਂ ਨੂੰ ਇਸ ਦੇ ਗੁਰੂ ਡੰਮ ਤੇ ਪਖੰਡ ਜਾਲ ਵਿਚ ਨਹੀਂ ਫਸਣਾ ਚਾਹੀਦਾ।

ਦਰਬਾਰ ਪਰਿੰਟਿੰਗ ਪਰੈਸ, ਚੌਕ ਘੰਟਾ ਘਰ, ਅੰਮ੍ਰਿਤਸਰ।
ਪਰਿੰਟਰ-ਗਿਆਨੀ ਪ੍ਰਤਾਪ ਸਿੰਘ।

Digitized by Panjab Digital Library | www.panjabdigilib.org

ਗਿਆਨੀ ਪ੍ਰਤਾਪ ਸਿੰਘ ਐਡੀਟਰ ਗਿਆਨ ਅੰਮ੍ਰਿਤ ਲਿਖਤ

ਪੜ੍ਹਨ ਯੋਗ ਪੁਸਤਕਾਂ

੧. ਗੁਰਮਤਿ ਲੈਕਚਰ (ਜੀਵਨ ਦਸ ਗੁਰੂ ਸਾਹਿਬਾਨ)	੬)
੨. ਇਤਿਹਾਸਕ ਲੈਕਚਰ	੬)
੩. ਸੰਸਾਰ ਦਾ ਧਾਰਮਿਕ ਇਤਿਹਾਸ	੬)
੪. ਗੁਰਮਤਿ ਫ਼ਿਲਾਸਫ਼ੀ	੭)
੫. ਭਗਤ ਦਰਸ਼ਨ	੩)
੬. ਅਕਾਲੀ ਲਹਿਰ ਦਾ ਇਤਿਹਾਸ	੬)
੭. ਕੁਦਰਤ ਦੇ ਚਮਤਕਾਰ	੨॥)
੮. ਪਾਕਿਸਤਾਨੀ ਘਲੂਘਾਰਾ	੪।)
੯. ਜੀਵਨ ਸੰਤ ਬਾਬਾ ਬੀਰ ਸਿੰਘ	੨॥)
੧੦. ਜੀਵਨ ਸੰਤ ਬਾਬਾ ਖੁਦਾ ਸਿੰਘ	੨॥)
੧੧. ਨਵੇਂ ਤਖਤ ਬਾਰੇ ਵਿਚਾਰ	॥)
੧੨ ਨਕਲੀ ਨਿਰੰਕਾਰੀ	।)

ਡਾਕ ਖਰਚ ਸਭ ਦਾ ਵਖਰਾ ਹੋਵੇਗਾ ।

ਮਾਸਕ ਪੱਤ੍ਰ 'ਗਿਆਨ ਅੰਮ੍ਰਿਤ'

ਪਿਛਲੇ ਬਾਰਾਂ ਸਾਲਾਂ ਤੋਂ ਗਿ: ਪ੍ਰਤਾਪ ਸਿੰਘ ਦੀ ਐਡੀਟਰੀ ਹੇਠ ਪੰਜਾਬੀ ਦਾ ਸ਼ਰੋਮਣੀ ਮਾਸਕ ਪਤ੍ਰ ਗਿਆਨ ਅੰਮ੍ਰਿਤ ਬੜੀ ਸਜ ਧਜ ਨਾਲ ਪ੍ਰਕਾਸ਼ਤ ਹੋ ਰਿਹਾ ਹੈ ।

ਗਿਆਨ ਅੰਮ੍ਰਿਤ ਦਾ ਸਾਲਾਨਾ ਚੰਦਾ ਦੇਸ ਲਈ ੭) ਅਤੇ ਪ੍ਰਦੇਸਾਂ ਲਈ ੧੦) ਹੈ। ਆਪਣਾ ਆਰਡਰ ਭੇਜਕੇ ਅਤੇ ਮੈਂਬਰ ਬਣ ਕੇ ਲਾਭ ਪ੍ਰਾਪਤ ਕਰੋ।

ਮੰਗਾਉਣ ਦਾ ਪਤਾ—

ਗਿਆਨ ਅੰਮ੍ਰਿਤ ਪੁਸਤਕ ਮਾਲਾ

ਚੌਕ ਟਾਹਲੀ ਵਾਲਾ ਸਰਵਰ ਪੁਰਾ, ਅੰਮ੍ਰਿਤਸਰ

Digitized by Panjab Digital Library | www.panjabdigilib.org